Samaj Weekly

ਸਮਾਜ ਵੀਕਲੀ

Punjabi, Hindi & English Newspaper - UK & EU Edition

Vol : 3 : # ਅੰਕ 260 | 01/01/2025 | www.samajweekly.com | samajweekly | @samajweekly | samajweekly

# ਕੇਂਦਰ ਵੱਲੋਂ ਗੱਲਬਾਤ ਲਈ ਪੇਸ਼ਕਸ਼ ਮਿਲਣ ’ਤੇ ਡੱਲੇਵਾਲ ਲੈ ਸਕਦੇ ਨੇ ਮੈਡੀਕਲ ਸਹਾਇਤਾ

**ਨਵੀਂ ਦਿੱਲੀ।** ਸੁਪਰੀਮ ਕੋਰਟ ਨੇ ਮਰਨ ਵਰਤ ’ਤੇ ਬੈਠੇ ਕਿਸਾਨ ਆਗੂ ਜਗਜੀਤ ਡੱਲੇਵਾਲ ਨੂੰ ਹਸਪਤਾਲ ਤਬਦੀਲ ਕਰਨ ਸਬੰਧੀ ਅਦਾਲਤੀ ਫ਼ੈਸਲਾ ਲਾਗੂ ਕਰਵਾਉਣ ਲਈ ਪੰਜਾਬ ਸਰਕਾਰ ਨੂੰ ਦੋ ਹੋਰ ਦਿਨਾਂ ਦੀ ਮੋਹਲਤ ਦਿੱਤੀ ਹੈ। ਦੂਜੇ ਪਾਸੇ ਪੰਜਾਬ ਸਰਕਾਰ ਵੱਲੋਂ ਪੇਸ਼ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਨੇ ਅਦਾਲਤ ਨੂੰ ਦੱਸਿਆ ਕਿ ਮਰਨ ਵਰਤ ’ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਮੈਡੀਕਲ ਸਹਾਇਤਾ ਲੈਣ ਲਈ ਤਿਆਰ ਹਨ, ਜੇਕਰ ਕੇਂਦਰ ਸਰਕਾਰ ਉਨ੍ਹਾਂ ਦੀ ਗੱਲਬਾਤ ਕਰਨ ਦੀ ਤਜਵੀਜ਼ ਮੰਨ ਲੈਂਦੀ ਹੈ। ਜਾਣਕਾਰੀ ਮੁਤਾਬਕ ਜਸਟਿਸ ਸੂਰਿਆ ਕਾਂਤ ਤੇ ਜਸਟਿਸ ਸੁਧਾਂਸ਼ੂ ਧੂਲੀਆ ਦੇ ਵਕੇਸ਼ਨ ਬੈਂਚ ਨੇ ਕਿਹਾ,‘ਸਾਰੇ ਹਾਲਾਤ ਅਤੇ ਕਾਨੂੰਨੀ ਹਿੱਤਾਂ ਦੇ ਮੱਦੇਨਜ਼ਰ ਅਸੀਂ ਅਦਾਲਤ ਵੱਲੋਂ ਜਾਰੀ ਹੁਕਮਾਂ ਨੂੰ ਲਾਗੂ ਕਰਵਾਉਣ ਲਈ ਕੁਝ ਹੋਰ ਸਮਾਂ ਦੇਣ ਦੀ ਗੁਜ਼ਾਰਿਸ਼ ਮਨਜ਼ੂਰ ਕਰਦੇ ਹਾਂ ਜਦਕਿ ਪੰਜਾਬ ਦੇ ਮੁੱਖ ਸਕੱਤਰ ਤੇ ਡੀਜੀਪੀ ਖ਼ਿਲਾਫ਼ ਅਦਾਲਤੀ ਹੁਕਮਾਂ ਦੀ ਮਾਣਹਾਨੀ ਸਬੰਧੀ ਪਟੀਸ਼ਨ ’ਤੇ ਸੁਣਵਾਈ 2 ਜਨਵਰੀ ਨੂੰ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਇਹ ਫ਼ੈਸਲਾ ਪੰਜਾਬ ਦੇ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਵੱਲੋਂ ਅਦਾਲਤ ਨੂੰ ਇਹ ਦੱਸਣ ਮਗਰੋਂ ਆਇਆ ਹੈ ਕਿ ਦੋਵਾਂ ਧਿਰਾਂ ਵਿੱਚ ਗੱਲਬਾਤ ਕਰਨ ਵਾਲਿਆਂ ਵੱਲੋਂ ਧਰਨੇ ਵਾਲੀ



ਥਾਂ ਦਾ ਦੌਰਾ ਕੀਤਾ ਗਿਆ ਸੀ ਤੇ ਅਦਾਲਤੀ ਹੁਕਮ ਲਾਗੂ ਕਰਨ ਲਈ 7,000 ਮੁਲਾਜ਼ਮ ਤਾਇਨਾਤ ਕਰ ਕੇ ਯਤਨ ਕੀਤੇ ਗਏ ਸਨ। ਇਸ ਦੌਰਾਨ ਕਿਸਾਨ ਜਥੇਬੰਦੀਆਂ ਵੱਲੋਂ ਸੋਮਵਾਰ ਨੂੰ ਦਿੱਤੇ ਗਏ ‘ਪੰਜਾਬ ਬੰਦ’ ਦੇ ਸੱਦੇ ਕਾਰਨ ਆਵਾਜਾਈ ਬੰਦ ਰਹੀ। ਉਨ੍ਹਾਂ ਅਦਾਲਤੀ ਫ਼ੈਸਲਾ ਲਾਗੂ ਕਰਵਾਉਣ ਲਈ ਤਿੰਨ ਹੋਰ ਦਿਨਾਂ ਦੀ ਮੋਹਲਤ ਮੰਗੀ। ਇਸ ਦੌਰਾਨ ਸੌਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਉਹ ਪੰਜਾਬ ਦੇ ਐਡਵੋਕੇਟ ਜਨਰਲ ਵੱਲੋਂ ਦਿੱਤੇ ਗਏ ਜੁਆਬ ਬਾਰੇ ਕੁਝ ਵੀ ਨਹੀਂ ਕਹਿਣਾ ਚਾਹੁੰਦੇ। ਇਸ ’ਤੇ ਜਸਟਿਸ ਕਾਂਤ ਨੇ ਕਿਹਾ,‘ਜੇਕਰ ਅਜਿਹਾ ਕੁਝ ਵਾਪਰਦਾ ਹੈ, ਜੋ ਦੋਵਾਂ ਧਿਰਾਂ ਨੂੰ ਮਨਜ਼ੂਰ ਹੋਵੇ, ਸਾਨੂੰ ਬਰਾਬਰ ਹੀ ਖ਼ੁਸ਼ੀ ਹੋਵੇਗੀ। ਹੁਣ ਲਈ, ਅਸੀਂ ਸਿਰਫ਼ ਆਪਣੇ ਹੁਕਮਾਂ ਦੀ ਪਾਲਣਾ ਕਰਵਾਉਣਾ ਚਾਹੁੰਦੇ ਹਾਂ।’ ਦੱਸਣਯੋਗ ਹੈ ਕਿ ਕਿਸਾਨ ਆਗੂ ਜਗਜੀਤ ਡੱਲੇਵਾਲ ਖਨੌਰੀ ਬਾਰਡਰ ’ਤੇ ਬੀਤੀ 26 ਨਵੰਬਰ ਤੋਂ ਮਰਨ ਵਰਤ ’ਤੇ ਬੈਠੇ ਹਨ। ਮੁਹਾਲੀ ਦੇ ਲਾਭ ਸਿੰਘ ਵੱਲੋਂ ਦਾਇਰ ਮਾਣਹਾਨੀ ਪਟੀਸ਼ਨ ’ਤੇ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ 27 ਦਸੰਬਰ ਨੂੰ ਪੰਜਾਬ ਸਰਕਾਰ ਨੂੰ ਡੱਲੇਵਾਲ ਨੂੰ ਹਸਪਤਾਲ ਦਾਖ਼ਲ ਕਰਵਾਉਣ ਸਬੰਧੀ ਸਰਵਉੱਚ ਅਦਾਲਤ ਵੱਲੋਂ ਦਿੱਤਾ ਗਿਆ ਫ਼ੈਸਲਾ ਲਾਗੂ ਕਰਨ ’ਚ ਅਸਫ਼ਲ ਰਹਿਣ ’ਤੇ ਨੋਟਿਸ ਜਾਰੀ ਕੀਤਾ ਸੀ। ਇਸ ਦੌਰਾਨ 28 ਦਸੰਬਰ ਨੂੰ ਦੋਵਾਂ ਉੱਚ ਅਧਿਕਾਰੀਆਂ ਨੇ ਸਥਿਤੀ ਸਪੱਸ਼ਟ ਕਰਦਿਆਂ ਵੱਖੋ-ਵੱਖਰੇ ਹਲਫ਼ਨਾਮੇ ਦਾਇਰ ਕੀਤੇ ਸਨ। ਹਾਲਾਂਕਿ ਬੈਂਚ ਨੇ ਇਸ ’ਤੇ ਤਸੱਲੀ ਨਹੀਂ ਪ੍ਰਗਟਾਈ ਸੀ।

## ਭਾਜਪਾ ਦੇ ਰਾਜ ’ਚ ਗਰੀਬ ਝੱਲ ਰਹੇ ਨੇ ਮਨੂਵਾਦ ਦਾ ਸੰਤਾਪ: ਖੜਗੇ

**ਨਵੀਂ ਦਿੱਲੀ।** ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਅੱਜ ਭਾਜਪਾ ਦੀ ਕੇਂਦਰ ਤੇ ਸੂਬਾ ਸਰਕਾਰਾਂ ’ਤੇ ਗਰੀਬਾਂ ਅਤੇ ਸਮਾਜ ਦੇ ਵਾਂਝੇ ਵਰਗਾਂ ਵਿਰੋਧੀ ਮਾਨਸਿਕਤਾ ਰੱਖਣ ਦਾ ਦੋਸ਼ ਲਾਇਆ, ਜੋ ‘ਮਨੂਵਾਦ’ ਦਾ ਸੰਤਾਪ ਭੋਗ ਰਹੇ ਹਨ। ਖੜਗੇ ਨੇ ਐਕਸ ’ਤੇ ਪੋਸਟ ’ਚ ਦੋਸ਼ ਲਾਇਆ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਬਾਬਾ ਸਾਹਿਬ ਡਾ. ਅੰਬੇਡਕਰ ਦਾ ਸੰਸਦ ’ਚ ਅਪਮਾਨ ਕੀਤਾ ਅਤੇ ਭਾਜਪਾ ਦੇ ਸ਼ਾਸਨ ਵਾਲੇ ਸੂਬਿਆਂ ’ਚ ਦਲਿਤ ਵਿਰੋਧੀ ਮਾਨਸਿਕਤਾ ਦੁਹਰਾਈ ਜਾ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਲੰਘੇ ਦੋ ਦਿਨਾਂ ਦੌਰਾਨ ਮੱਧ ਪ੍ਰਦੇਸ਼ ਦੇ ਦੇਵਾਸ ’ਚ ਦਲਿਤ ਨੌਜਵਾਨ ਦੀ ਪੁਲੀਸ ਹਿਰਾਸਤ ’ਚ ਕਥਿਤ



ਹੱਤਿਆ ਅਤੇ ਉੜੀਸਾ ਦੇ ਬਾਲਾਸੋਰ ਵਿੱਚ ਕਬਾਇਲੀ ਔਰਤ ਦੀ ਰੁੱਖ ਨਾਲ ਬੰਨ੍ਹ ਕੇ ਕੁੱਟਮਾਰ ਕੀਤੀ ਗਈ। ਖੜਗੇ ਨੇ ਦਾਅਵਾ ਕੀਤਾ, ‘‘ਹਰਿਆਣਾ ਦੇ ਭਿਵਾਨੀ ’ਚ ਦਲਿਤ ਵਿਦਿਆਰਥਣ ਨੂੰ ਬੀਏ ਪ੍ਰੀਖਿਆ ਦੀ ਫ਼ੀਸ ਨਾ ਭਰਨ ’ਤੇ ਖ਼ੁਦਕੁਸ਼ੀ ਲਈ ਮਜਬੂਰ ਹੋਣਾ ਪੈਂਦਾ ਹੈ। ਮਹਾਰਾਸ਼ਟਰ ਦੇ ਪਾਲਘਰ ’ਚ ਆਦਿਵਾਸੀ ਗਰਭਵਤੀ ਔਰਤ ਨੂੰ ਆਈਸੀਯੂ ਦੀ ਭਾਲ ’ਚ 100 ਕਿਲੋਮੀਟਰ ਦੂਰ ਜਾਣਾ ਪੈਂਦਾ ਹੈ ਅਤੇ ਉਸ ਦੀ ਮੌਤ ਹੋ ਜਾਂਦੀ ਹੈ। ਉੱਤਰ ਪ੍ਰਦੇਸ਼ ਦੇ ਮੁਜ਼ੱਫਰਨਗਰ ’ਚ ਤਿੰਨ ਦਲਿਤ ਪਰਿਵਾਰ ਹਿਜਰਤ ਲਈ ਮਜਬੂਰ ਹਨ ਕਿਉਂਕਿ ਉਨ੍ਹਾਂ ’ਤੇ ਜਾਤੀ ਕਾਰਨ ਹਮਲੇ ਹੁੰਦੇ ਹਨ ਅਤੇ ਪੁਲੀਸ ਚੁੱਪ ਰਹਿੰਦੀ ਹੈ।’’




**ਭੀਮਾ ਕੋਰੇਗਾਂਵ ਸ਼ੌਰਿਆ ਦਿਵਸ ਅਤੇ ਨਵੇਂ ਸਾਲ ਦੀ ਵਧਾਈ**

# ਸੁੰਦਰ ਪਿਚਾਈ ਨੇ 2025 ਲਈ ਗੂਗਲ ਕਰਮਚਾਰੀਆਂ ਨੂੰ ਦਿਤੀ ਚਿਤਾਵਨੀ, ਏਆਈ ’ਤੇ ਵੀ ਕੀਤਾ ਅਲਰਟ

**ਨਵੀਂ ਦਿਲੀ।** ਨਵੇਂ ਸਾਲ ਨੂੰ ਲੈ ਕੇ ਦੁਨੀਆਂ ਦੀ ਮਸ਼ਹੂਰ ਤਕਨੀਕੀ ਕੰਪਨੀ ਗੂਗਲ ਦੇ ਸੀਈਓ ਸੁੰਦਰ ਪਿਚਾਈ ਨੇ ਅਪਣੇ ਕਰਮਚਾਰੀਆਂ ਨੂੰ ਚਿਤਾਵਨੀ ਦਿਤੀ ਹੈ। ਸੁੰਦਰ ਪਿਚਾਈ ਨੇ 2024 ਦੇ ਆਖ਼ਰੀ ਦਿਨ ਕਿਹਾ ਹੈ ਕਿ ਨਵਾਂ ਸਾਲ ਬਹੁਤ ਕੁਝ ਤੈਅ ਕਰੇਗਾ। ਉਨ੍ਹਾਂ ਕਿਹਾ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਤੇਜ਼ੀ ਨਾਲ ਉਭਰ ਰਿਹਾ ਹੈ। ਅਜਿਹੇ ਸਮੇਂ ਵਿਚ ਸਾਨੂੰ ਸਾਰਿਆਂ ਨੂੰ ਇਸ ਦੀ ਜ਼ਰੂਰਤ ਨੂੰ ਸਮਝਣਾ ਹੋਵੇਗਾ ਅਤੇ ਅਪਣੇ ਆਪ ਨੂੰ ਤਿਆਰ ਕਰਨਾ ਹੋਵੇਗਾ। ਉਨ੍ਹਾਂ ਕਿਹਾ ਕਿ ਸਾਨੂੰ ਇਕ ਕੰਪਨੀ ਵਜੋਂ ਤੇਜ਼ੀ ਨਾਲ ਵਿਕਾਸ ਕਰਨਾ ਹੋਵੇਗਾ। ਪਿਚਾਈ ਨੇ ਕਿਹਾ ਕਿ ਬਹੁਤ ਕੁਝ ਦਾਅ ’ਤੇ ਹੈ ਅਤੇ ਇਹ ਸਮਝਣਾ ਹੈ ਕਿ, ਸਾਨੂੰ ਇਕ ਕੰਪਨੀ ਦੇ ਰੂਪ ਵਿੱਚ ਤੇਜ਼ੀ ਨਾਲ ਅੱਗੇ ਵਧਣਾ ਹੈ ਅਤੇ ਏਆਈ ਲਈ ਅਪਣੇ ਆਪ ਨੂੰ ਅਨੁਕੂਲ ਬਣਾਉਣਾ ਅਤੇ ਤਿਆਰ



ਕਰਨਾ ਹੈ। ਉਨ੍ਹਾਂ ਕਿਹਾ ਕਿ 2024 ਵਿਚ ਕਈ ਅਜਿਹੇ ਮੌਕੇ ਆਏ ਹਨ ਜਦੋਂ ਤਕਨਾਲੋਜੀ ਦਾ ਪ੍ਰਭਾਵ ਪਿਆ ਹੈ। 2025 ਵਿਚ ਸਾਨੂੰ ਅਣਥੱਕ ਮਿਹਨਤ ਕਰਨੀ ਪਵੇਗੀ। ਇਸ ਤਕਨੀਕ ਦੇ ਫ਼ਾਇਦਿਆਂ ਨੂੰ ਸਮਝਣਾ ਹੋਵੇਗਾ ਅਤੇ ਉਪਭੋਗਤਾ ਦੀਆਂ ਸਮੱਸਿਆਵਾਂ ਨੂੰ ਉਸੇ ਅਨੁਸਾਰ ਹੱਲ ਕਰਨਾ ਹੋਵੇਗਾ। ਉਨ੍ਹਾਂ ਕਿਹਾ ਕਿ ਅਗਲੇ ਸਾਲ ਸਾਡਾ ਮੁੱਖ ਫੋਕਸ ਜੇਮਿਨੀ ਐਪ ਹੋਵੇਗਾ। ਇਸ ਦੇ ਜ਼ਰੀਏ, ਅਸੀਂ ਲੋਕਾਂ ਨੂੰ ਸਹੀ ਜਾਣਕਾਰੀ ਪ੍ਰਦਾਨ ਕਰਾਂਗੇ ਅਤੇ ਜਨਰੇਟਿਵ ਏਆਈ ਦੇ ਉਨ੍ਹਾਂ ਦੇ ਅਨੁਭਵ ਨੂੰ ਬਿਹਤਰ ਬਣਾਵਾਂਗੇ। ਪਿਚਾਈ ਨੇ ਕਿਹਾ ਕਿ ਸਾਨੂੰ ਜੇਮਿਨੀ ਨੂੰ ਲੈ ਕੇ ਯੋਜਨਾ ਬਣਾਉਣੀ ਹੋਵੇਗੀ ਅਤੇ ਇਸ ’ਤੇ ਧਿਆਨ ਦੇਣਾ ਹੋਵੇਗਾ। ਪਿਚਾਈ ਨੇ ਕਰਮਚਾਰੀਆਂ ਨੂੰ ਸਪੱਸ਼ਟ ਤੌਰ ’ਤੇ ਕਿਹਾ ਕਿ ਅਸੀਂ ਏਆਈ ਇੰਡਸਟਰੀ ਵਿਚ ਅਪਣੇ ਜੇਮਿਨੀ ਐਪ ਨੂੰ ਕਿਵੇਂ ਸਥਾਪਤ ਕਰ ਸਕਦੇ ਹਾਂ, ਇਹ ਇਸ ਸਾਲ ਸਾਡੀ ਤਰਜੀਹ ਹੋਣੀ ਚਾਹੀਦੀ ਹੈ। ਪਿਚਾਈ ਨੇ ਕਿਹਾ ਕਿ ਅਸੀਂ ਪਿਛਲੇ ਕੁਝ ਮਹੀਨਿਆਂ ’ਚ ਜੇਮਿਨੀ ਐਪ ਨਾਲ ਚੰਗੇ ਪ੍ਰਯੋਗ ਕੀਤੇ ਹਨ। ਪਰ ਸਾਨੂੰ 2025 ਵਿਚ ਵਧੇਰੇ ਧਿਆਨ ਕੇਂਦਰਿਤ ਕਰਨਾ ਹੋਵੇਗਾ ਤਾਂ ਜੋ ਅਸੀਂ ਉਦਯੋਗ ਵਿਚ ਪਾੜੇ ਨੂੰ ਬੰਦ ਕਰ ਸਕੀਏ ਅਤੇ ਅਪਣੇ ਆਪ ਨੂੰ ਲੀਡਰ ਵਜੋਂ ਸਥਾਪਤ ਕਰ ਸਕੀਏ।

## ਨਵੇਂ ਸਾਲ 'ਚ 90,000 ਰੁਪਏ ਦੇ ਰਿਕਾਰਡ ਪੱਧਰ ਤਕ ਪਹੁੰਚ ਸਕਦੈ ਸੋਨਾ

**ਨਵੀਂ ਦਿਲੀ।** ਸੁਰੱਖਿਅਤ ਨਿਵੇਸ਼ ਦੇ ਰੂਪ ਵਿਚ ਸੋਨੇ ਦੀ ਕੀਮਤ ਨਵੇਂ ਸਾਲ ਵਿਚ ਰਿਕਾਰਡ ਤੋੜਦੀ ਰਹੇਗੀ ਅਤੇ ਇਹ 85,000 ਰੁਪਏ ਪ੍ਰਤੀ 10 ਗ੍ਰਾਮ ਤਕ ਪਹੁੰਚ ਸਕਦੀ ਹੈ। ਭੂ-ਰਾਜਨੀਤਕ ਤਣਾਅ ਅਤੇ ਵਿਸ਼ਵ ਆਰਥਕ ਅਨਿਸ਼ਚਿਤਤਾਵਾਂ ਦੇ ਵਿਚਕਾਰ, ਇਹ ਘਰੇਲੂ ਬਾਜ਼ਾਰ ਵਿਚ 90,000 ਰੁਪਏ ਦੇ ਪੱਧਰ ਤਕ ਵੀ ਜਾ ਸਕਦਾ ਹੈ। ਮੁਦਰਾ ਨੀਤੀ ’ਚ ਨਰਮ ਰੁਖ਼ ਅਤੇ ਕੇਂਦਰੀ ਬੈਂਕਾਂ ਦੁਆਰਾ ਖ਼ਰੀਦਦਾਰੀ ਕਾਰਨ ਵੀ ਇਸ ਦੀਆਂ ਕੀਮਤਾਂ ਵਧਣਗੀਆਂ। ਹਾਲਾਂਕਿ, ਇਕ ਵਾਰ ਭੂ-ਰਾਜਨੀਤਕ ਸੰਕਟ ਘੱਟ ਹੋਣ ਤੋਂ ਬਾਅਦ, ਰੁਪਏ ਵਿਚ ਗਿਰਾਵਟ ਰੁਕ ਜਾਵੇਗੀ, ਜਿਸ ਕਾਰਨ ਸੋਨੇ ਦੀ ਕੀਮਤ ਵਿਚ ਵੀ ਨਰਮੀ ਆ ਸਕਦੀ ਹੈ। ਮੌਜੂਦਾ ਸਮੇਂ ’ਚ ਮਲਟੀ ਕਮੋਡਿਟੀ ਐਕਸਚੇਂਜ (ਐਮਸੀਐਕਸ) ’ਤੇ ਫ਼ਿਊਚਰਜ਼ ਟਰੇਡਿੰਗ ’ਚ ਸਪਾਟ ਬਾਜ਼ਾਰ ’ਚ ਸੋਨੇ ਦੀ ਕੀਮਤ 79,350 ਰੁਪਏ ਪ੍ਰਤੀ 10 ਗ੍ਰਾਮ ਅਤੇ 76,600 ਰੁਪਏ ਪ੍ਰਤੀ 10 ਗ੍ਰਾਮ ਹੈ। ਇਸ



ਸਾਲ 30 ਅਕਤੂਬਰ ਨੂੰ ਸੋਨੇ ਦੀ ਕੀਮਤ 82,400 ਰੁਪਏ ਪ੍ਰਤੀ 10 ਗ੍ਰਾਮ ਦੇ ਸਭ ਤੋਂ ਉੱਚੇ ਪੱਧਰ ’ਤੇ ਪਹੁੰਚ ਗਈ ਸੀ। ਚਾਂਦੀ ਵੀ ਪਿੱਛੇ ਨਹੀਂ ਰਹੀ ਅਤੇ 1 ਲੱਖ ਰੁਪਏ ਪ੍ਰਤੀ ਕਿਲੋਗ੍ਰਾਮ ਦੇ ਪੱਧਰ ਨੂੰ ਪਾਰ ਕਰ ਗਈ।

## 85.64 ਰੁਪਏ ਪ੍ਰਤੀ ਡਾਲਰ ਦੇ ਸੱਭ ਤੋਂ ਹੇਠਲੇ ਪੱਧਰ ’ਤੇ ਪੁਜਿਆ ਰੁਪਿਆ

**ਮੁੰਬਈ ।** ਅਮਰੀਕੀ ਡਾਲਰ ਦੇ ਮੁਕਾਬਲੇ ਰੁਪਿਆ ਮੰਗਲਵਾਰ ਨੂੰ 12 ਪੈਸੇ ਦੀ ਗਿਰਾਵਟ ਨਾਲ 85.64 ਦੇ ਸੱਭ ਤੋਂ ਹੇਠਲੇ ਪੱਧਰ ’ਤੇ ਬੰਦ ਹੋਇਆ। ਵਿਦੇਸ਼ੀ ਫੰਡਾਂ ਦੀ ਭਾਰੀ ਨਿਕਾਸੀ ਅਤੇ ਆਲਮੀ ਬਾਜ਼ਾਰਾਂ ਵਿਚ ਡਾਲਰ ਦੇ ਮਜ਼ਬੂਤ ਰੁਝਾਨ ਕਾਰਨ ਸਾਲ ਵਿਚ 3 ਫ਼ੀ ਸਦੀ ਦੀ ਭਾਰੀ ਗਿਰਾਵਟ ਆਈ। ਵਿਦੇਸ਼ੀ ਮੁਦਰਾ ਕਾਰੋਬਾਰੀਆਂ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਚੋਣਾਂ ’ਚ ਡੋਨਾਲਡ ਟਰੰਪ ਦੀ ਜਿੱਤ ਤੋਂ ਬਾਅਦ ਵਿਆਜ ਦਰਾਂ ’ਚ ਕਟੌਤੀ ਅਤੇ ਡਾਲਰ ਇੰਡੈਕਸ (ਡੀ.ਐਕਸ.ਵਾਈ.) ਅਤੇ ਅਮਰੀਕੀ 10 ਸਾਲ ਦੇ ਬਾਂਡ ਯੀਲਡ ’ਤੇ ਫੈਡਰਲ ਰਿਜ਼ਰਵ ਬੈਂਕ ਦੇ ਸਖ਼ਤ ਰੁਖ ਕਾਰਨ ਰੁਪਏ ’ਤੇ ਦਬਾਅ ਬਣਿਆ ਹੋਇਆ ਹੈ। ਅੰਤਰਬੈਂਕ ਵਿਦੇਸ਼ੀ ਮੁਦਰਾ ਬਾਜ਼ਾਰ ’ਚ ਰੁਪਿਆ 85.54 ਦੇ ਪੱਧਰ ’ਤੇ ਖੁੱਲ੍ਹਿਆ ਅਤੇ ਦਿਨ ਦੇ ਹੇਠਲੇ ਪੱਧਰ 85.66 ਦੇ ਪੱਧਰ ਨੂੰ ਛੂਹ ਗਿਆ। ਕਾਰੋਬਾਰ ਦੇ ਅੰਤ ’ਚ ਡਾਲਰ ਦੇ ਮੁਕਾਬਲੇ ਰੁਪਿਆ 12 ਪੈਸੇ ਦੀ ਗਿਰਾਵਟ



ਨਾਲ 85.64 ਦੇ ਪੱਧਰ ’ਤੇ ਬੰਦ ਹੋਇਆ। ਘਰੇਲੂ ਮੁਦਰਾ ਇਸ ਸਾਲ ਡਾਲਰ ਦੇ ਮੁਕਾਬਲੇ ਲਗਭਗ 3 ਫ਼ੀ ਸਦੀ ਡਿੱਗ ਗਈ ਹੈ। ਰੁਪਿਆ 29 ਦਸੰਬਰ 2023 ਨੂੰ 83.16 ਪ੍ਰਤੀ ਡਾਲਰ ’ਤੇ ਬੰਦ ਹੋਇਆ ਸੀ ਅਤੇ 31 ਦਸੰਬਰ 2024 ਨੂੰ ਡਿੱਗ ਕੇ 85.64 ਪ੍ਰਤੀ ਡਾਲਰ ’ਤੇ ਆ ਗਿਆ। ਸਥਾਨਕ ਮੁਦਰਾ 10 ਅਕਤੂਬਰ ਨੂੰ ਅਮਰੀਕੀ ਡਾਲਰ ਦੇ ਮੁਕਾਬਲੇ 84 ਦੇ ਅੰਕੜੇ ਨੂੰ ਪਾਰ ਕਰ ਗਈ ਸੀ ਅਤੇ 19 ਦਸੰਬਰ ਨੂੰ 85 ਰੁਪਏ ਪ੍ਰਤੀ ਡਾਲਰ ਨੂੰ ਪਾਰ ਕਰ ਗਈ ਸੀ। ਰੁਪਿਆ 27 ਦਸੰਬਰ ਨੂੰ ਅਮਰੀਕੀ ਡਾਲਰ ਦੇ ਮੁਕਾਬਲੇ 85.80 ਦੇ ਸੱਭ ਤੋਂ ਹੇਠਲੇ ਪੱਧਰ ’ਤੇ ਪਹੁੰਚ ਗਿਆ ਸੀ, ਜੋ ਲਗਭਗ ਦੋ ਸਾਲਾਂ ਵਿਚ ਇਕ ਸੈਸ਼ਨ ਦੀ ਸੱਭ ਤੋਂ ਵੱਡੀ ਗਿਰਾਵਟ ਹੈ। ਮੀਰੇ ਅਸੈਟ ਸ਼ੇਅਰਖਾਨ ਦੇ ਰੀਸਰਚ ਐਨਾਲਿਸਟ ਅਨੁਜ ਚੌਧਰੀ ਨੇ ਕਿਹਾ ਕਿ ਕੱਚੇ ਤੇਲ ਦੀਆਂ ਉੱਚੀਆਂ ਕੀਮਤਾਂ, ਅਮਰੀਕੀ ਡਾਲਰ ਦੀ ਮਜ਼ਬੂਤੀ ਅਤੇ ਆਯਾਤਕਾਂ ਵਲੋਂ ਡਾਲਰ ਦੀ ਭਾਰੀ ਮੰਗ ਕਾਰਨ ਰੁਪਏ ਦੇ ਨਕਾਰਾਤਮਕ ਰੁਝਾਨ ਨਾਲ ਕਾਰੋਬਾਰ ਕਰਨ ਦੀ ਉਮੀਦ ਹੈ। ਇਸ ਤੋਂ ਇਲਾਵਾ, ਵਿਦੇਸ਼ੀ ਪੂੰਜੀ ਦੇ ਨਿਰੰਤਰ ਬਾਹਰ ਜਾਣ ਨੇ ਘਰੇਲੂ ਮੁਦਰਾ ’ਤੇ ਹੋਰ ਦਬਾਅ ਪਾਇਆ। ਸ਼ੇਅਰ ਬਾਜ਼ਾਰ ਦੇ ਅਸਥਾਈ ਅੰਕੜਿਆਂ ਮੁਤਾਬਕ ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ (ਐੱਫ਼.ਆਈ.ਆਈ.) ਨੇ ਸੋਮਵਾਰ ਨੂੰ 1,893.16 ਕਰੋੜ ਰੁਪਏ ਦੇ ਸ਼ੇਅਰ ਵੇਚੇ। ਘਰੇਲੂ ਸ਼ੇਅਰ ਬਾਜ਼ਾਰ ’ਚ ਬੀ.ਐਸ.ਈ. ਸੈਂਸੈਕਸ 109.12 ਅੰਕ ਯਾਨੀ 0.14 ਫ਼ੀ ਸਦੀ ਦੀ ਗਿਰਾਵਟ ਨਾਲ 78,139.01 ਅੰਕ ’ਤੇ ਅਤੇ ਨੈਸ਼ਨਲ ਸਟਾਕ ਐਕਸਚੇਂਜ ਦਾ ਨਿਫਟੀ 644.80 ਅੰਕ ’ਤੇ ਸਥਿਰ ਰਿਹਾ।


Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਨਾਬਾਲਗ ਵਿਦਿਆਰਥਣ ਨਾਲ ਜਬਰ-ਜਨਾਹ ਕਰਨ ਵਾਲੇ ਟਿਊਸ਼ਨ ਅਧਿਆਪਕ ਨੂੰ 111 ਸਾਲ ਦੀ ਕੈਦ



**ਤਿਰੂਵਨੰਤਪੁਰਮ।** ਇਥੋਂ ਦੀ ਸਪੈਸ਼ਲ ਫਾਸਟ-ਟਰੈਕ ਅਦਾਲਤ ਨੇ ਟਿਊਸ਼ਨ ਅਧਿਆਪਕ ਨੂੰ ਪੰਜ ਸਾਲ ਪਹਿਲਾਂ ਗਿਆਰਵੀਂ ਜਮਾਤ ਦੀ ਵਿਦਿਆਰਣ ਨਾਲ ਜਬਰ-ਜਨਾਹ ਦੇ ਦੋਸ਼ ਹੇਠ 111 ਸਾਲ ਕੈਦ ਬਾਮੁਸ਼ੱਕਤ ਤੇ 1.05 ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਜੁਰਮਾਨਾ ਨਾ ਭਰਨ ਦੀ ਸੂਰਤ ਵਿਚ ਮੁਜਰਮ ਮਨੋਜ (44) ਨੂੰ ਇੱਕ ਸਾਲ ਵਾਧੂ ਸਜ਼ਾ ਭੁਗਤਣੀ ਪਵੇਗੀ। ਮਨੋਜ ਵੱਲੋਂ ਲੜਕੀ ਨਾਲ ਇਸ ਹਰਕਤ ਦਾ ਪਤਾ ਲੱਗਣ ’ਤੇ ਉਸ ਦੀ ਪਤਨੀ ਨੇ ਖ਼ੁਦਕੁਸ਼ੀ ਕਰ ਲਈ ਸੀ। ਜੱਜ ਆਰ. ਰੇਖਾ ਨੇ ਫ਼ੈਸਲਾ ਸੁਣਾਉਂਦਿਆਂ ਕਿਹਾ ਕਿ ਮਨੋਜ ਜਿਸ ਨੂੰ ਬੱਚੀ ਦਾ ਸਰਪ੍ਰਸਤ ਵੀ ਮੰਨਿਆ ਜਾਂਦਾ ਸੀ, ਨੇ ਅਜਿਹਾ ਗੁਨਾਹ ਕੀਤਾ ਹੈ ਜਿਸ ਲਈ ਰਹਿਮ ਦੀ ਕੋਈ ਗੁੰਜਾਇਸ਼ ਨਹੀਂ ਹੈ। ਜਬਰ-ਜਨਾਹ ਦੀ ਇਹ ਘਟਨਾ 2 ਜੁਲਾਈ 2019 ਦੀ ਹੈ।


## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਲੌਂਗੋਵਾਲ 'ਚ ਕਬੱਡੀ ਖਿਡਾਰੀ ਦਾ ਗੋਲ਼ੀਆਂ ਮਾਰ ਕੇ ਕਤਲ



**ਲੌਂਗੋਵਾਲ।** ਸੰਗਰੂਰ ਦੇ ਲੌਂਗੋਵਾਲ 'ਚ ਕਬੱਡੀ ਖਿਡਾਰੀ ਦੀ ਗੋਲੀ ਮਾਰ ਕੇ ਹੱਤਿਆ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਮੁਲਜ਼ਮ ਮ੍ਰਿਤਕ ਦਾ ਜ਼ਬਰਦਸਤੀ ਉਸ ਦੀ ਲੜਕੀ ਨਾਲ ਵਿਆਹ ਕਰਵਾਉਣਾ ਚਾਹੁੰਦੇ ਸਨ। ਜਦੋਂ ਉਸਨੇ ਇਨਕਾਰ ਕੀਤਾ ਤਾਂ ਉਸਨੇ ਘਰ ਆ ਕੇ ਉਸਨੂੰ ਗੋਲ਼ੀ ਮਾਰ ਦਿੱਤੀ। ਇਹ ਘਟਨਾ ਬੀਤੀ ਰਾਤ ਪਿੰਡ ਦੇਸੂਪੁਰਾ ਵਿੱਚ ਵਾਪਰੀ। ਮ੍ਰਿਤਕ ਦੀ ਪਛਾਣ ਜਗਪਾਲ ਸਿੰਘ (ਜੱਗੀ) ਵਜੋਂ ਹੋਈ ਹੈ। ਜੱਗੀ ਦੇ ਪਿਤਾ ਮੱਖਣ ਸਿੰਘ ਨੇ ਦੱਸਿਆ ਕਿ ਚਮਕੌਰ ਸਿੰਘ ਵਾਸੀ ਚੀਮਾ ਮੰਡੀ ਨੇ ਉਸ ਦੇ ਘਰ ਵਿੱਚ ਦਾਖਲ ਹੋ ਕੇ ਗੋਲ਼ੀ ਮਾਰ ਦਿੱਤੀ।

ਪਿਤਾ ਨੇ ਕਿਹਾ ਕਿ ਮੇਰੇ ਦੋ ਪੁੱਤਰ ਹਨ। ਇਨ੍ਹਾਂ ਵਿੱਚੋਂ ਇੱਕ ਦਾ ਨਾਮ ਚਮਕੌਰ ਸਿੰਘ ਹੈ, ਜਿਸ ਦਾ ਵਿਆਹ ਇੱਕ ਸਾਲ ਪਹਿਲਾਂ ਚਮਕੌਰ ਸਿੰਘ ਵਾਸੀ ਚੀਮਾ ਮੰਡੀ ਦੀ ਇੱਕ ਲੜਕੀ ਨਾਲ ਹੋਇਆ ਸੀ। ਮੁਲਜ਼ਮ ਚਮਕੌਰ ਸਿੰਘ ਦਾ ਵਿਆਹ ਕਰ ਚੁੱਕਾ ਹੈ। ਮੁਲਜ਼ਮ ਆਪਣੀ ਦੂਜੀ ਪਤਨੀ ਦੀ ਧੀ ਨਾਲ ਵਿਆਹ ਕਰਵਾਉਣਾ ਚਾਹੁੰਦਾ ਸੀ।ਉਨ੍ਹਾਂ ਦੱਸਿਆ ਕਿ ਮੁਲਜ਼ਮ ਜਗਪਾਲ ਸਿੰਘ ਜੱਗੀ 'ਤੇ ਉਸ ਦੀ ਪਤਨੀ ਦੀ ਧੀ ਦਾ ਦੂਜਾ ਵਿਆਹ ਕਰਵਾਉਣ ਲਈ ਦਬਾਅ ਪਾ ਰਿਹਾ ਸੀ। ਉਹ ਪਹਿਲਾਂ ਵੀ ਕਈ ਵਾਰ ਸਾਡੇ ਘਰ ਨੂੰ ਧਮਕੀਆਂ ਦੇ ਚੁੱਕਾ ਹੈ। ਪਰ ਜਗਪਾਲ ਸਿੰਘ ਜੱਗੀ ਵਿਆਹ ਲਈ ਤਿਆਰ ਨਹੀਂ ਸੀ। ਥਾਣਾ ਲੌਂਗੋਵਾਲ ਦੇ ਇੰਸਪੈਕਟਰ ਜਤਿੰਦਰਪਾਲ ਸਿੰਘ ਨੇ ਦੱਸਿਆ ਕਿ ਪਰਿਵਾਰ ਦੀ ਆਪਸੀ ਰੰਜਿਸ਼ ਕਾਰਨ ਜਗਪਾਲ ਸਿੰਘ (ਜੱਗੀ) ਦੀ ਗੋਲ਼ੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਅਸੀਂ ਉਸ ਦੀ ਲਾਸ਼ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਮੁਲਜ਼ਮ ਮੌਕੇ ਤੋਂ ਫ਼ਰਾਰ ਹੋ ਗਿਆ ਹੈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਪੰਜਾਬ 'ਚ ਠੰਢ ਕਾਰਨ ਸਕੂਲਾਂ ਦੀਆਂ ਛੁੱਟੀਆਂ 'ਚ ਹੋਇਆ ਵਾਧਾ, 8 ਜਨਵਰੀ ਨੂੰ ਖੁੱਲ੍ਹਣਗੇ



**ਚੰਡੀਗੜ੍ਹ।** ਪੰਜਾਬ ਦੇ ਸਾਰੇ ਸਰਕਾਰੀ ਸਕੂਲਾਂ ਵਿਚ ਛੁੱਟੀਆਂ 'ਚ ਵਾਧਾ ਕੀਤਾ ਗਿਆ ਹੈ। ਕੜਾਕੇ ਦੀ ਠੰਢ ਵੱਧਣ ਕਾਰਨ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵਲੋਂ ਟਵੀਟ ਕਰ ਕੇ ਇਹ ਜਾਣਕਾਰੀ ਸਾਂਝੀ ਕੀਤੀ ਗਈ ਹੈ। ਸਿੱਖਿਆ ਮੰਤਰੀ ਹਰਜੋਤ ਬੈਂਸ ਨੇ ਆਪਣੇ ਟਵੀਟ 'ਤੇ ਲਿਖਿਆ ਹੈ ਕਿ ''ਮਾਣਯੋਗ ਮੁੱਖ ਮੰਤਰੀ ਜੀ ਦੇ ਦਿਸ਼ਾ-ਨਿਰਦੇਸ਼ ਅਨੁਸਾਰ, ਠੰਢ ਕਾਰਨ ਪੰਜਾਬ ਦੇ ਸਾਰੇ ਸਰਕਾਰੀ, ਏਡਿਡ, ਮਾਨਤਾ ਪ੍ਰਾਪਤ ਅਤੇ ਪ੍ਰਾਈਵੇਟ ਸਕੂਲਾਂ 'ਚ 7 ਜਨਵਰੀ ਤੱਕ ਛੁੱਟੀਆਂ ਕੀਤੀਆਂ ਜਾਂਦੀਆਂ ਹਨ। ਪੰਜਾਬ ਦੇ ਸਾਰੇ ਸਕੂਲ 8 ਜਨਵਰੀ ਨੂੰ ਖੁੱਲ੍ਹਣਗੇ।'' ਠੰਢ ਦੇ ਚਲਦਿਆਂ ਪੰਜਾਬ ਸਰਕਾਰ ਨੇ ਇਹ ਹੁਕਮ ਜਾਰੀ ਕੀਤੇ ਹਨ।

# ਪਾਕਿਸਤਾਨ ਦੀ ਪੰਜਾਬ ਸਰਕਾਰ ਨੇ ਇਤਿਹਾਸਕ 'ਪੁੰਛ ਹਾਊਸ' 'ਚ ਭਗਤ ਸਿੰਘ ਗੈਲਰੀ ਸੈਲਾਨੀਆਂ ਲਈ ਖੋਲ੍ਹੀ

**ਲਾਹੌਰ :** ਪਾਕਿਸਤਾਨ ਦੀ ਪੰਜਾਬ ਸਰਕਾਰ ਨੇ ਇਤਿਹਾਸਕ 'ਪੁੰਛ ਹਾਊਸ' ਵਿਖੇ ਭਗਤ ਸਿੰਘ ਗੈਲਰੀ ਨੂੰ ਸੈਲਾਨੀਆਂ ਲਈ ਖੋਲ੍ਹ ਦਿਤਾ ਹੈ, ਜਿੱਥੇ ਲਗਭਗ 93 ਸਾਲ ਪਹਿਲਾਂ ਆਜ਼ਾਦੀ ਘੁਲਾਟੀਏ 'ਤੇ ਮੁਕੱਦਮਾ ਚਲਾਇਆ ਗਿਆ ਸੀ। ਗੈਲਰੀ 'ਚ ਤਸਵੀਰਾਂ, ਚਿੱਠੀਆਂ, ਅਖਬਾਰਾਂ, ਮੁਕੱਦਮੇ ਦੇ ਵੇਰਵੇ ਅਤੇ ਉਨ੍ਹਾਂ ਦੇ ਜੀਵਨ ਅਤੇ ਆਜ਼ਾਦੀ ਸੰਗਰਾਮ ਨਾਲ ਸਬੰਧਤ ਹੋਰ ਦਸਤਾਵੇਜ਼ਾਂ ਸਮੇਤ ਇਤਿਹਾਸਕ ਦਸਤਾਵੇਜ਼ ਹਨ। ਪੰਜਾਬ ਦੇ ਮੁੱਖ ਸਕੱਤਰ ਜ਼ਾਹਿਦ ਅਖਤਰ ਜ਼ਮਾਨ ਨੇ ਸੋਮਵਾਰ ਨੂੰ ਗੈਲਰੀ ਦਾ ਉਦਘਾਟਨ ਕੀਤਾ। ਜਮਾਂ ਨੇ ਕਿਹਾ, ''ਪੰਜਾਬ ਸਰਕਾਰ ਦੇ ਉਦਯੋਗ, ਵਣਜ ਅਤੇ ਸੈਰ-ਸਪਾਟਾ ਵਿਭਾਗਾਂ ਦਰਮਿਆਨ ਹੋਏ ਸਮਝੌਤੇ ਤਹਿਤ ਸੈਲਾਨੀਆਂ ਨੂੰ ਗੈਲਰੀ ਤਕ ਪਹੁੰਚ ਮਿਲੇਗੀ। ਪੁੰਛ ਹਾਊਸ ਦੀ ਇਤਿਹਾਸਕ ਇਮਾਰਤ ਨੂੰ ਉਸ ਦੇ ਅਸਲ ਰੂਪ 'ਚ ਬਹਾਲ ਕਰ ਦਿਤਾ ਗਿਆ ਹੈ। ਭਗਤ ਸਿੰਘ ਨਾਲ ਸਬੰਧਤ ਦਸਤਾਵੇਜ਼ ਗੈਲਰੀ ਵਿਚ ਪ੍ਰਦਰਸ਼ਿਤ ਕੀਤੇ ਗਏ ਹਨ।'' ਪਾਕਿਸਤਾਨ ਦੇ ਪੰਜਾਬ ਆਰਕਾਈਵਜ਼ ਵਿਭਾਗ ਨੇ 2018 ਵਿਚ ਪਹਿਲੀ ਵਾਰ ਮਹਾਨ ਆਜ਼ਾਦੀ ਘੁਲਾਟੀਏ ਦੇ ਮੁਕੱਦਮੇ ਨਾਲ ਜੁੜੇ ਕੁੱਝ ਰੀਕਾਰਡ ਪ੍ਰਦਰਸ਼ਿਤ ਕੀਤੇ ਸਨ। ਇਨ੍ਹਾਂ 'ਚ



ਮੌਤ ਦੀ ਸਜ਼ਾ ਦੇ ਸਰਟੀਫਿਕੇਟ, ਚਿੱਠੀਆਂ, ਫੋਟੋਆਂ, ਅਖਬਾਰਾਂ ਦੀਆਂ ਕਤਰਾਂ ਅਤੇ ਹੋਰ ਸਮੱਗਰੀ ਸ਼ਾਮਲ ਸੀ। ਬਸਤੀਵਾਦੀ ਸਰਕਾਰ ਵਿਰੁਧ ਸਾਜ਼ਸ਼ ਰਚਣ ਦੇ ਦੋਸ਼ 'ਚ ਮੁਕੱਦਮਾ ਚਲਾਉਣ ਤੋਂ ਬਾਅਦ 23 ਮਾਰਚ, 1931 ਨੂੰ ਬ੍ਰਿਟਿਸ਼ ਸ਼ਾਸਕਾਂ ਨੇ ਭਗਤ ਸਿੰਘ ਨੂੰ ਲਾਹੌਰ 'ਚ ਫਾਂਸੀ ਦੇ ਦਿਤੀ ਸੀ। ਉਸ ਸਮੇਂ ਉਹ ਸਿਰਫ 23 ਸਾਲਾਂ ਦਾ ਸੀ। ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਵਿਰੁਧ ਬ੍ਰਿਟਿਸ਼ ਪੁਲਿਸ ਅਧਿਕਾਰੀ ਜੌਨ ਪੀ ਸਾਂਡਰਸ ਦੇ ਕਤਲ ਦਾ ਕੇਸ ਦਰਜ ਕੀਤਾ ਗਿਆ ਸੀ। ਭਗਤ ਸਿੰਘ ਦੀ ਅਰਜ਼ੀ ਅਤੇ ਪਟੀਸ਼ਨ ਵੀ ਵਿਰੋਧ ਪ੍ਰਦਰਸ਼ਨ ਲਈ ਰੀਕਾਰਡ 'ਤੇ ਹੈ। ਇਨ੍ਹਾਂ 'ਚ ਭਗਤ ਸਿੰਘ ਦੇ ਪਿਤਾ ਸਰਦਾਰ ਕਿਸ਼ਨ ਸਿੰਘ ਵਲੋਂ ਅਪਣੇ ਬੇਟੇ ਨੂੰ ਫਾਂਸੀ ਦਿਤੇ ਜਾਣ ਵਿਰੁਧ ਪਟੀਸ਼ਨ ਅਤੇ ਲਾਹੌਰ ਜ਼ਿਲ੍ਹਾ ਜੇਲ੍ਹ 'ਚ ਜੇਲ੍ਹ ਸੁਪਰਡੈਂਟ ਵਲੋਂ 23 ਮਾਰਚ, 1931 ਨੂੰ ਉਸ ਦੀ ਮੌਤ ਦੀ ਸਜ਼ਾ ਦਾ ਸਰਟੀਫਿਕੇਟ ਸ਼ਾਮਲ ਹੈ।

ਇਸ 'ਚ ਅਖਬਾਰਾਂ ਅਤੇ ਕਿਤਾਬਾਂ ਨੂੰ ਇਜਾਜ਼ਤ ਦੇਣ ਲਈ ਭਗਤ ਸਿੰਘ ਦੀ ਅਰਜ਼ੀ, ਬੀ.ਸੀ. ਵੋਹਰਾ ਵਲੋਂ ਨੌਜੁਆਨ ਭਾਰਤ ਸਭਾ ਲਾਹੌਰ ਦੇ ਮੈਨੀਫੈਸਟੋ ਨਾਲ ਸਬੰਧਤ ਕੁੱਝ ਹੋਰ ਰੀਕਾਰਡ ਅਤੇ ਦੈਨਿਕ ਵੀਰਭਾਰਤ ਸਮੇਤ ਹੋਰ ਅਖਬਾਰਾਂ ਦੀਆਂ ਕਈ ਕਤਰਨਾਂ ਵੀ ਸ਼ਾਮਲ ਹਨ। ਭਗਤ ਸਿੰਘ ਦੀ ਮੌਤ ਦੀ ਸਜ਼ਾ ਦੀ ਤਾਮੀਲ ਬਾਰੇ ਇਕ ਦਸਤਾਵੇਜ਼ 'ਚ ਕਿਹਾ ਗਿਆ ਹੈ, ''ਮੈਂ (ਜੇਲ ਸੁਪਰਡੈਂਟ) ਪ੍ਰਮਾਣਿਤ ਕਰਦਾ ਹਾਂ ਕਿ ਭਗਤ ਸਿੰਘ ਨੂੰ ਦਿਤੀ ਗਈ ਮੌਤ ਦੀ ਸਜ਼ਾ ਨੂੰ ਸਹੀ ਤਰੀਕੇ ਨਾਲ ਲਾਗੂ ਕੀਤਾ ਗਿਆ ਹੈ ਅਤੇ ਇਸ ਅਨੁਸਾਰ ਭਗਤ ਸਿੰਘ ਨੂੰ ਸੋਮਵਾਰ ਰਾਤ 9 ਵਜੇ ਲਾਹੌਰ ਜੇਲ੍ਹ 'ਚ ਫਾਂਸੀ ਦਿਤੀ ਗਈ। ਲਾਸ਼ ਨੂੰ ਉਦੋਂ ਤਕ ਹੇਠਾਂ ਨਹੀਂ ਉਤਾਰਿਆ ਗਿਆ ਜਦੋਂ ਤਕ ਕਿਸੇ ਮੈਡੀਕਲ ਅਧਿਕਾਰੀ ਵਲੋਂ ਇਸ ਗੱਲ ਦੀ ਪੁਸ਼ਟੀ ਨਹੀਂ ਕੀਤੀ ਜਾਂਦੀ ਕਿ ਉਸ ਦੀ ਮੌਤ ਹੋ ਗਈ ਸੀ ਅਤੇ ਕੋਈ ਹਾਦਸਾ, ਗਲਤੀ ਜਾਂ ਹੋਰ ਅਣਸੁਖਾਵੀਂ ਘਟਨਾ ਨਹੀਂ ਵਾਪਰੀ ਸੀ।''



# ਮਾਂ ਖੇਡ ਕਬੱਡੀ ਦਾ ਦੁਨੀਆਂ ਦਾ ਨੰਬਰ ਇੱਕ ਖੇਡ ਪ੍ਰਮੋਟਰ ਮੇਜਰ ਸਿੰਘ ਬਰਾੜ ਭਲੂਰ ਕੈਨੇਡਾ

## ਸਰਦਾਰ ਮੇਜਰ ਸਿੰਘ ਬਰਾੜ ਭਲੂਰ ਕੈਨੇਡਾ ਮਾਂ ਖੇਡ ਕਬੱਡੀ ਦਾ ਮਾਲਵੇ ਦੀ ਧਰਤੀ ਦਾ ਖੇਡ ਪ੍ਰਮੋਟਰ ਹੈ

**ਕੈਨੇਡਾ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਜਿਸ ਨੇ ਆਪਣੀ ਮਿਹਨਤ, ਇਰਾਦੇ ਅਤੇ ਇਮਾਨਦਾਰੀ ਨਾਲ ਖੇਡ ਜਗਤ ਸਿੰਘ ਉਹ ਜਗ੍ਹਾ ਬਣਾਈ ਹੈ ਜਿਸਦਾ ਜਿਕਰ ਇਤਿਹਾਸ ਦੇ ਪੰਨਿਆਂ ਵਿੱਚ ਅੰਕਿਤ ਹੋਵੇਗਾ। ਉਹ ਪਹਿਲੇ ਨੰਬਰ ਦਾ ਕਬੱਡੀ ਦਾ ਖੇਡ ਪ੍ਰਮੋਟਰ ਹੈ ਜਿਸਨੇ ਸੈਂਕੜੇ ਹੀਰਿਆਂ ਨੂੰ ਗੁਰਬਤ ਵਿੱਚੋਂ ਕੱਢਕੇ ਉਹਨਾਂ ਨੂੰ ਇੱਕ ਵੱਖਰੀ ਪਹਿਚਾਣ ਦਿੱਤੀ ਹੈ। ਸਿੱਖੀ ਸਰੂਪ ਵਿੱਚ ਸਰਦਾਰ ਮੇਜਰ ਸਿੰਘ ਬਰਾੜ ਭਲੂਰ ਕੈਨੇਡਾ ਦੇ ਅਲਬਰਟਾ ਸ਼ਹਿਰ ਵਿੱਚ ਆਪਣਾ ਕਾਰੋਬਾਰ ਚਲਾ ਰਿਹਾ ਹੈ ਅਤੇ ਉਹਨਾਂ ਅਲਬਰਟਾ ਦੀ ਸਰਕਲ ਸਟਾਇਲ ਕਬੱਡੀ ਨੂੰ ਵੱਡੀ ਪੱਧਰ ਤੱਕ ਪ੍ਰਮੋਟ ਕੀਤਾ ਹੈ। ਮੇਜਰ ਸਿੰਘ ਭਲੂਰ ਨੇ ਹੁਣ ਤੱਕ ਕਬੱਡੀ ਵਿੱਚ ਧੁੰਮਾਂ ਪਾਉਣ ਵਾਲੇ ਸੈਂਕੜੇ ਖਿਡਾਰੀਆਂ ਨੂੰ ਮੋਟਰ ਸਾਈਕਲ,ਬੋਲਟ ਮੋਟਰਸਾਈਕਲ, ਮਹਿੰਗੀਆਂ ਕਾਰਾਂ, ਮਹਿੰਗੀਆਂ ਗੱਡੀਆਂ, ਸੋਨੇ ਦੀਆਂ ਚੈਨੀਆਂ, ਟਰੈਕਟਰ ਆਦਿ ਤੋਂ ਇਲਾਵਾ ਹੁਣ ਤੱਕ



ਕਰੋੜਾਂ ਰੁਪਏ ਦੇ ਨਕਦ ਇਨਾਮ ਦਿੱਤੇ ਹਨ। ਮਾਲਵੇ ਦੇ ਕਬੱਡੀ ਨੂੰ ਪਰਮੋਟ ਕਰਨ ਵਿੱਚ ਉਹਨਾਂ ਦਾ ਯੋਗਦਾਨ ਸਭ ਤੋਂ ਵੱਧ ਅਤੇ ਬਹੁਮੁੱਲਾ ਹੈ। ਮੇਜਰ ਸਿੰਘ ਭਲੂਰ ਦੀ ਸਖਸੀਅਤ ਦਾ ਸਭ ਤੋਂ ਵੱਡਾ ਪੱਖ ਹੈ ਕਿ ਉਹਨਾਂ ਕਦੇ ਕਿਸੇ ਨਿਮ-ਰਤਾ, ਸਹਿਣਸੀਲਤਾ ਅਤੇ ਸਾਦਗੀ ਦਾ ਪੱਲਾ ਨਹੀਂ ਛੱਡਿਆ। ਮੇਜਰ ਇੱਕ ਖਿਡਾਰੀ ਦੀ ਪਰਖ ਕਰਨੀ ਜਾਣਦਾ ਹੈ ਅਤੇ ਪਹਿਲੀ ਮੁਲਾਕਾਤ ਵਿਚ ਹੀ ਉਹ ਸਮਝ ਜਾਂਦਾ ਹੈ ਕਿ ਬੰਦਾ ਕਿਸ ਤਰ੍ਹਾਂ ਦਾ ਹੈ। ਕਿਸੇ ਨੂੰ ਮਾਣ ਸਨਮਾਨ ਦੇਣ ਦਾ ਫੈਸਲਾ ਉਸ ਦਾ ਆਪਣਾ ਹੁੰਦਾ ਹੈ। ਸਰਦਾਰ ਮੇਜਰ ਸਿੰਘ ਭਲੂਰ ਦੀ ਜਾਣ ਪਛਾਣ ਦਾ ਦਾਇਰਾ ਬੇਸੱਕ ਬਹੁਤ ਵਿਸਾਲ ਹੈ ਪਰ ਉਸ ਦੀ ਜਿੰਦਗੀ ਦਾ ਸਭ ਤੋਂ ਕਰੀਬੀ ਦੋਸਤ ਸਰਦਾਰ ਜਲੰਧਰ ਸਿੰਘ ਸਿੱਧੂ ਪੰਜਗਰਾਈਂ ਕਲਾਂ ਕੈਨੇਡਾ ਹਨ। ਮੇਜਰ ਦੀ ਖਾਸੀਅਤ ਸਿਰਫ ਕੱਬਡੀ ਖਿਡਾਰੀਆਂ ਦੀ ਹੌਂਸਲਾ ਅਫਜਾਈ ਕਰਨਾ ਹੀ ਨਹੀਂ ਹੈ, ਉਹ ਬਾਕੀ ਸਮਾਜ ਸੇਵੀ ਸੰਸਥਾਵਾਂ,ਸਮਾਜ ਸੇਵੀ ਵਿਅਕਤੀਆਂ, ਲੋੜਵੰਦ ਪਰਿਵਾਰਾਂ ਅਤੇ ਸਾਹਿਤਕਾਰਾਂ, ਕਲਾਕਾਰਾਂ ਦੀ ਵੀ ਬਹੁਤ ਮੱਦਦ ਕਰਦੇ ਹਨ। ਸਰਦਾਰ ਮੇਜਰ ਸਿੰਘ ਬਰਾੜ ਭਲੂਰ ਕੈਨੇਡਾ ਅੱਜਕਲ੍ਹ ਬੀ ਸੀ ਯੂਨਾਈਟਿਡ ਕਬੱਡੀ ਫੈਡਰੇਸਨ ਕੈਨੇਡਾ ਦੇ ਪ੍ਰਧਾਨ ਵਜੋਂ ਵੀ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ। ਆਪਣੇ ਪਿੰਡ ਭਲੂਰ ਤੋਂ ਇਲਾਵਾ ਉਹ ਦੁਨੀਆਂ ਦੇ ਵੱਖ ਵੱਖ ਥਾਵਾਂ ਤੇ ਸੈਂਕੜੇ ਕਬੱਡੀ ਟੂਰਨਾਮੈਂਟ ਕਰਵਾ ਚੁੱਕੇ ਹਨ।

# ਪੰਜਾਬੀ ਸਾਹਿਤ ਸਭਾ (ਰਜਿ:) ਵੱਲੋਂ ਡਾ. ਮਨਮੋਹਣ ਸਿੰਘ ਨੂੰ ਸ਼ਰਧਾਂਜਲੀ ਭੇਂਟ

**ਸਮਰਾਲਾ/ਬਲਬੀਰ ਸਿੰਘ ਬੱਬੀ** ਪੰਜਾਬੀ ਸਾਹਿਤ ਸਭਾ (ਰਜਿ:) ਸਮਰਾਲਾ ਦੇ ਮੁੱਖ ਸਰਪ੍ਰਸਤ ਕਮਾਂਡੈਂਟ ਰਸ਼ਪਾਲ ਸਿੰਘ ਅਤੇ ਸਰਪਸ੍ਰਤ ਬਿਹਾਰੀ ਲਾਲ ਸੱਦੀ ਨੇ ਇੱਕ ਸਾਂਝੇ ਬਿਆਨ ਰਾਹੀਂ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਣ ਸਿੰਘ ਦੀ ਮੌਤ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ 2004 ਵਿੱਚ ਜਦੋਂ ਪੂਰਾ ਦੇਸ਼ ਆਰਥਿਕ ਡਾਵਾਂਡੋਲ ਵਾਲੀ ਸਥਿਤੀ ਵਿੱਚੋਂ ਗੁਜਰ ਰਿਹਾ ਸੀ ਤਾਂ ਡਾ. ਮਨਮੋਹਣ ਸਿੰਘ ਨੇ ਦੇਸ਼ ਦੀ ਕਮਾਨ ਸੰਭਾਲਦੇ ਹੋਏ ਭਾਰਤ ਨੂੰ ਮੁੜ ਮੁੱਢਲੇ ਦੇਸ਼ਾਂ ਦੀ ਕਤਾਰ ਵਿੱਚ ਲਿਆ ਖੜ੍ਹਾ



ਕੀਤਾ ਸੀ। ਜਿਨ੍ਹਾਂ ਦੀ ਦੂਰ ਦ੍ਰਿਸ਼ਟੀ ਸੋਚ ਨੇ ਭਾਰਤ ਨੂੰ ਇੱਕ ਨਵੀਂ ਤਾਕਤ ਬਖਸ਼ੀ। ਡਾ. ਮਨਮੋਹਣ ਸਿੰਘ ਦਾ ਕਾਰਜਕਾਲ ਦੇਸ਼ ਦੇ ਸੁਨਹਿਰੀ ਅੱਖਰਾਂ ਵਿੱਚ ਲਿਖੇ ਜਾਣ ਵਾਲੇ ਸਾਲ ਸਨ। ਉਨ੍ਹਾਂ ਸਮੁੱਚੀ ਪੰਜਾਬੀ ਸਾਹਿਤ ਸਭਾ (ਰਜਿ:) ਸਮਰਾਲਾ ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਪਰਿਵਾਰ ਨਾਲ ਦਿਲੋਂ ਡੂੰਘੀ ਹਮਦਰਦੀ ਜ਼ਾਹਰ ਕੀਤੀ।

# ਗਰੀਬ ਪਰਿਵਾਰ ਦੀ ਧੀ ਦਾ ਕੀਤਾ ਗਿਆ ਸਨਮਾਨ

**ਬੰਗਾ( ਚਰਨਜੀਤ ਸੱਲ੍ਹਾ )** ਗਰੀਬ ਪਰਿਵਾਰ ਦੀ ਧੀ ਹਰਮੀਤ ਕੌਰ ਗਿੱਲ, ਕੌਮੀ ਕਬੱਡੀ ਖਿਡਾਰੀ ( under 17) ਦਾ ਪਿੰਡ ਮਚਾਕੀ ਕਲਾਂ ਵਿਖੇ DGR (ਡਾਇਨ-ਮਿਕ ਗਰੁੱਪ ਆਫ ਰੰਗਰੇਟਾ'ਜ਼) ਸੰਸਥਾ ਵੱਲੋਂ 11000 ਰੁਪੈ ਨਗਦ, ਪੰਜ ਕਿਲੋ ਦੇਸੀ ਘਿਓ, ਦੋ ਕਿੱਲੋ ਬਦਾਮ ਤੇ ਇੱਕ ਕਿੱਲੋ ਅਖਰੋਟਾਂ ਨਾਲ ਸਨਮਾਨ ਕੀਤਾ ਗਿਆ। ਮੇਰੇ ਨਾਲ ਐੱਮ. ਐੱਲ. ਏ. ਸ. ਗੁਰਦਿੱਤ ਸਿੰਘ ਸੇਖੋਂ ਦੇ ਧਰਮ ਪਤਨੀ ਸ੍ਰੀਮਤੀ ਬੇਅੰਤ ਕੌਰ ਜੀ, ਜਿਲ੍ਹਾ ਪ੍ਰਧਾਨ ਬੀਬੀ ਅਜੀਤਪਾਲ ਕੌਰ, ਸਰਪੰਚ ਬਲਜੀਤ ਸਿੰਘ ਬੱਬੂ, ਬਲਾਕ ਪ੍ਰਧਾਨ,



ਮੈਂਬਰ ਮੇਜਰ ਸਿੰਘ, ਨਰ ਸਿੰਘ, ਗੋਰਾ ਧਾਲੀਵਾਲ ਤੇ ਹੋਰ ਪਤਵੰਤੇ ਸੱਜਣ।

# ਧਾਮੀ ਜੀ ਆਪਣੇ ਆਕਾਵਾਂ ਦੇ ਇਸ਼ਾਰੇ ਉੱਤੇ ਇੰਨੇ ਕਾਹਲੇ ਨਾ ਚੱਲਿਆ ਕਰੋ



**ਬਲਬੀਰ ਸਿੰਘ ਬੱਬੀ** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਸਿਆਸੀ ਅਕਾਵਾਂ ਤੇ ਆਗੂਆਂ ਦੇ ਮਗਰ ਲੱਗ ਕੇ ਇਹੋ ਜਿਹੇ ਫੈਸਲੇ ਲੈ ਲੈਂਦੀ ਹੈ ਜੋ ਸਿੱਧੇ ਹੀ ਸਿੱਖ ਸਿਧਾਂਤਾਂ ਦੇ ਉਲਟ ਹੁੰਦੇ ਹੀ ਹਨ ਤੇ ਲੋਕ ਵੀ ਉਸ ਦਾ ਵਿਰੋਧ ਕਰਨ ਲੱਗ ਜਾਂਦੇ ਹਨ ਪਿਛਲੇ ਸਮੇਂ ਦੇ ਵਿੱਚ ਅਨੇਕਾਂ ਤਰ੍ਹਾਂ ਦੇ ਫੈਸਲੇ ਅਜਿਹੇ ਹਨ ਆਏ ਹਨ ਜਿਹੜੇ ਸ਼੍ਰੋਮਣੀ ਕਮੇਟੀ ਪਹਿਲਾਂ ਕਰ ਦਿੰਦੀ ਹੈ ਤੇ ਫਿਰ ਉਸ ਨੂੰ ਵਾਪਸ ਲੈਣੇ ਪੈਂਦੇ ਹਨ। ਦੋ ਦਸੰਬਰ ਨੂੰ ਸੁਖਬੀਰ ਬਾਦਲ ਨਾਲ ਸੰਬੰਧਿਤ ਜੋ ਮਾਮਲਾ ਸ਼੍ਰੀ ਅਕਾਲ ਤਖਤ ਸਾਹਿਬ ਉੱਤੇ ਪੁੱਜਾ ਉਸ ਵਿੱਚ ਵੀ ਸ਼੍ਰੋਮਣੀ ਕਮੇਟੀ ਦੀ ਭੂਮਿਕਾ ਸ਼ੱਕੀ ਜਿਹੀ ਸਾਹਮਣੇ ਆਈ ਸੁਖਬੀਰ ਬਾਦਲ ਉਤੇ ਗੋਲੀ ਚੱਲਣ ਮੌਕੇ ਜੋ ਫੈਸਲਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਤੁਰੰਤ ਹੀ ਲਿਆ ਅੱਜ ਉਹ ਵੀ ਵਾਪਸ ਲੈਣਾ ਪਿਆ।

ਸੁਖਬੀਰ ਬਾਦਲ ਉਤੇ ਰੋਸ ਵਜੋਂ ਭਾਈ ਨਰਾਇਣ ਸਿੰਘ ਚੌੜਾ ਨੇ ਗੋਲੀ ਚਲਾਈ ਤੇ ਇਸ ਮਾਮਲੇ ਵਿੱਚ ਬਿਨਾਂ ਕਿਸੇ ਵਿਚਾਰ ਚਰਚਾ ਤੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਹੁਕਮਾਂ ਉੱਤੇ ਅੰਤਰਿੰਗ ਕਮੇਟੀ ਦੇ ਕੁਝ ਮੈਂਬਰਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਇਹ ਮੰਗ ਪੱਤਰ ਸੌਂਪ ਦਿੱਤਾ ਕਿ ਸੁਖਬੀਰ ਬਾਦਲ ਉਪਰ ਗੋਲੀ ਚਲਾਉਣ ਵਾਲੇ ਨਰਾਇਣ ਸਿੰਘ ਚੌੜਾ ਨੂੰ ਪੰਥ ਵਿੱਚੋਂ ਛੇਕਿਆ ਜਾਵੇ। ਜਿਸ ਦਾ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੇ ਵਿਰੋਧ ਕੀਤਾ ਇਸ ਮਾਮਲੇ ਵਿੱਚ ਅੱਜ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇੱਕ ਬੈਠਕ ਹੋਈ ਜਿਸ ਵਿੱਚ ਭਾਈ ਨਰਾਇਣ ਸਿੰਘ ਚੌੜਾ ਨੂੰ ਪੰਥ ਵਿੱਚੋਂ ਛੇਕਣ ਦਾ ਜੋ ਫੈਸਲਾ ਕੀਤਾ ਸੀ ਉਸ ਉੱਤੇ ਮੁੜ ਵਿਚਾਰ ਤੋਂ ਬਾਅਦ ਭਾਈ ਨਰਾਇਣ ਸਿੰਘ ਚੌੜਾ ਨੂੰ ਪੰਥ ਵਿੱਚੋਂ ਛੇਕਣ ਵਾਲੇ ਮਸਲੇ ਨੂੰ ਸ਼੍ਰੋਮਣੀ ਕਮੇਟੀ ਨੇ ਆਪ ਹੀ ਵਾਪਸ ਲੈ ਲਿਆ।

ਅਸੀਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਹੋਰ ਸੰਬੰਧਿਤ ਮੈਂਬਰਾਂ ਨੂੰ ਇਹ ਬੇਨਤੀ ਕਰਦੇ ਹਾਂ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਸੰਸਥਾ ਹੈ ਉਹ ਸਿਆਸੀ ਆਗੂਆਂ ਦੇ ਮਗਰ ਲੱਗ ਕੇ ਇਹੋ ਜਿਹੇ ਫੈਸਲੇ ਨਾ ਲਵੇ ਜਿਸ ਨਾਲ ਨਮੋਸ਼ੀ ਝਲਣੀ ਪਵੇ ਤੇ ਮੁੜ ਉਹੀ ਫੈਸਲੇ ਸ਼੍ਰੋਮਣੀ ਕਮੇਟੀ ਨੂੰ ਵਾਪਸ ਲੈਣੇ ਪੈਣ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਅਨੁਸੂਚਿਤ ਜਾਤੀਆਂ ਪੱਛੜੀਆਂ ਸ਼੍ਰੇਣੀਆਂ ਕਰਮਚਾਰੀ ਫੈਡਰੇਸ਼ਨ (ਰਜਿ.) ਪੰਜਾਬ ਦਾ ਸਾਲਾਨਾ ਕੈਲੰਡਰ ਜਲਦ ਹੋਵੇਗਾ ਰੀਲੀਜ਼



**ਫਿਲੌਰ/ਅੱਪਰਾ (ਦੀਪਾ)-** ਅਨੂਸੂਚਿਤ ਜਾਤੀਆਂ ਪੱਛੜੀਆਂ ਸ਼੍ਰੇਣੀਆਂ ਕਰਮਚਾਰੀ ਫੈਡਰੇਸ਼ਨ (ਰਜਿ.) ਪੰਜਾਬ ਦੇ ਸੂਬਾ ਪ੍ਰਧਾਨ ਇੰਜ. ਪਰਵਿੰਦਰ ਕੁਮਾਰ, ਸੂਬਾ ਸਕੱਤਰ ਜਨਰਲ , ਸਰਪ੍ਰਸਤ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਅਨੂਸੂਚਿਤ ਜਾਤੀਆਂ ਪੱਛੜੀਆਂ ਸ਼੍ਰੇਣੀਆਂ ਕਰਮਚਾਰੀ ਫੈਡਰੇਸ਼ਨ ਦਾ ਸਾਲਾਨਾ ਕੈਲੰਡਰ ਆਉਣ ਵਾਲੇ ਦਿਨਾਂ ਵਿੱਚ ਰੀਲੀਜ਼ ਕੀਤਾ ਜਾਵੇਗਾ, ਜਿਸ ਵਿੱਚ ਪੰਜਾਬ ਦੇ ਸਾਰੇ ਵਿਭਾਗਾਂ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਬੇਨਤੀ ਹੈ ਕਿ ਕਲੰਡਰ ਰੀਲੀਜ਼ ਕਰਨ ਮੌਕੇ ਹਾਜ਼ਰ ਹੋਣਾ ਯਕੀਨੀ ਬਣਾਇਆ ਜਾਵੇ ਅਤੇ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਦੇ ਪ੍ਰਧਾਨ/ਜਨਰਲ ਸਕੱਤਰ ਨੂੰ ਵੀ ਅਪੀਲ ਕੀਤੀ ਜਾਂਦੀ ਹੈ ਕਿ ਸੂਬਾ ਕਮੇਟੀ ਵਲੋਂ ਕਲੰਡਰ ਰੀਲੀਜ਼ ਕਰਨ ਉਪਰੰਤ ਆਪਣੇ ਆਪਣੇ ਜ਼ਿਲ੍ਹਿਆਂ ਵਿੱਚ ਕਲੰਡਰ ਰੀਲੀਜ਼ ਕਰਕੇ ਸਮਾਜ ਦੇ ਲੋਕਾਂ ਨੂੰ ਫੈਡਰੇਸ਼ਨ ਪ੍ਰਤੀ ਜਾਗਰੂਕ ਕੀਤਾ ਜਾਵੇ ਅਤੇ ਦੇਸ਼ਾਂ ਵਿਦੇਸ਼ਾਂ ਵਿੱਚ ਵਸਦੇ ਲੋਕਾਂ ਨੂੰ ਨਵੇਂ ਸਾਲ ਦੀਆਂ ਬਹੁਤ ਬਹੁਤ ਮੁਬਾਰਕਾਂ ਦਿੰਦੇ ਹੋਏ ਬੇਨਤੀ ਕੀਤੀ ਹੈ ਬਾਬਾ ਸਾਹਿਬ ਅੰਬੇਡਕਰ ਜੀ ਦੇ ਦਿਸ਼ਾ ਨਿਰਦੇਸ਼ਾਂ ਤੇ ਚੱਲਣ ਲਈ ਵੀ ਬੇਨਤੀ ਕੀਤੀ ਜਾਂਦੀ ਹੈ। ਇਸ ਮੌਕੇ ਬੋਲਦਿਆਂ ਅਨੂਸੂਚਿਤ ਜਾਤੀਆਂ ਪੱਛੜੀਆਂ ਸ਼੍ਰੇਣੀਆਂ ਕਰਮਚਾਰੀ ਫੈਡਰੇਸ਼ਨ (ਰਜਿ.) ਪੰਜਾਬ ਦੇ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਨੇ ਕਿਹਾ ਕਿ ਜਥੇਬੰਦੀ ਹਮੇਸ਼ਾ ਹੀ ਆਪਣੇ ਕਰਮਚਾਰੀਆਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ ਤੇ ਭਵਿੱਖ 'ਚ ਵੀ ਉਨਾਂ ਦੇ ਹੱਕਾਂ-ਹਕੂਕਾਂ ਦੀ ਰਾਖੀ ਲਈ ਵਚਨਬੱਧ ਹੈ ।

# ਇੰਟਰਨੈਸ਼ਨਲ ਕਬੱਡੀ ਪ੍ਰਮੋਟਰ ਜੋਨਾ ਬੋਲੀਨਾ ਅਤੇ ਸਮੇਤ ਪਰਿਵਾਰ ਪਹੁੰਚੇ ਪੰਜਾਬ ਦੀ ਧਰਤੀ ਤੇ







**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਇੰਟਰਨੈਸ਼ਨਲ ਕਬੱਡੀ ਪ੍ਰਮੋਟਰ ਜੋਨਾ ਬੋਲੀਨਾ ਆਪਣੀ ਪਤਨੀ ਮਨਵੀਰ ਕੌਰ ਬੋਲੀਨਾ ਅਤੇ ਆਪਣੇ ਪੁੱਤਰ ਮਨਰਾਜ ਬੋਲੀਨਾ ਅਤੇ ਸਰਤਾਜ ਬੋਲੀਨਾ ਨਾਲ ਪੰਜਾਬ ਪਹੁੰਚੇ । ਓਹਨਾ ਆਕੇ ਦਰਬਾਰ ਸਾਹਿਬ ਵਿਖੇ ਦਰਸ਼ਨ ਕੀਤੇ ਅਤੇ ਪੂਰੇ ਜਗਤ ਵਿੱਚ ਵੱਸ ਰਹੇ ਪੰਜਾਬੀ ਭਰਾਵਾਂ ਨੂੰ ਦਿੱਤੀਆਂ ਨਵੇਂ ਸਾਲ ਦੀਆਂ ਮੁਬਾਰਕਾਂ। ਇਸ ਤੋਂ ਇਲ-ਾਵਾ ਓਹਨਾ ਦੇ ਨਾਲ ਹੀ ਕੱਬਡੀ ਪ੍ਰਮੋਟਰ ਇੰਦਰਜੀਤ ਰੋਮੀ ,ਕੱਬਡੀ ਪ੍ਰਮੋਟਰ ਚਰਨਜੀਤ ਡਗਰੂਪ, ਕੱਬਡੀ ਪ੍ਰਮੋਟਰ ਨੀਟੂ ਕੰਗ, ਯੰਗ ਕਬੱਡੀ ਕਲੱਬ ਸਰੀ ਤੋਂ, ਇੰਟਰਨੈਸ਼ਨਲ ਕਬੱਡੀ ਕੱਪ ਡੀ.ਏ.ਵੀ ਜਲੰਧਰ, ਕੱਬਡੀ ਪ੍ਰਮੋਟਰ ਲੱਛਣ ਬੂਦਰ, , ਕੱਬਡੀ ਪ੍ਰਮੋਟਰ ਬੌਬੀ ਕਾਹਲੋਂ,ਕੱਬਡੀ ਪ੍ਰਮੋਟਰ ਕਲਭੂਸ਼ਨ ਬਾਘਾ,ਕੱਬਡੀ ਪ੍ਰਮੋਟਰ ਸ਼ੰਕਰ ਦਾਸ ਐਂਡ ਸੰਨਜ਼ ਸੁਨਿਆਰੇ, ਬਲੀਨਾ ਪਿੰਡ ਦੀ ਟੂਰਨਾਮੈਂਟ ਕਮੇਟੀ ਦਾ ਪ੍ਰਧਾਨ ਵਿੱਕੀ ਬੋਲੀਨਾ, ਕੱਬਡੀ ਪ੍ਰਮੋਟਰ ਪੰਮੀ ਬੋਲੀਨਾ ਨਿਊਜ਼ੀਲੈਂਡ, ਕੱਬਡੀ ਪ੍ਰਮੋਟਰ ਲਹਿੰਬਰ ਬੋਲੀਨਾ ਕੈਨੇਡਾ ਸਮੇਤ ਹੋਰ ਐਨ ਆਰ ਆਈ ਭਰਾਵਾਂ ਨੇ ਵੀ ਦਿੱਤੀ ਵਧਾਈ।

# ਨਵਾਂ ਸਾਲ ਹਰ ਇੱਕ ਲਈ ਖੁਸ਼ੀਆਂ, ਖੇੜੇ ਤੇ ਖੁਸ਼ਹਾਲੀ ਲੈ ਕੇ ਆਵੇ-ਚੌਧਰੀ ਵਿਕਰਮਜੀਤ ਤੇ ਗੁਰਪ੍ਰੀਤ ਸਿੰਘ ਹੈਪੀ ਜੌਹਲ ਖਾਲਸਾ



**ਫਿਲੌਰ/ਅੱਪਰਾ (ਦੀਪਾ)-** ਅੱਜ ਅੱਪਰਾ ਵਿਖੇ ਨਵੇਂ ਸਾਲ ਦੀ ਆਮਦ 'ਤੇ ਗੱਲਬਾਤ ਕਰਦਿਆਂ ਹਲਕਾ ਫਿਲੌਰ ਤੋਂ ਵਿਧਾਇਕ ਚੌਧਰੀ ਵਿਕਰਮਜੀਤ ਸਿੰਘ ਤੇ ਸੀਨੀਅਰ ਆਗੂ ਗੁਰਪ੍ਰੀਤ ਸਿੰਘ ਹੈਪੀ ਜੌਹਲ ਖਾਲਸਾ ਨੇ ਕਿਹਾ ਕਿ ਉਹ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਨ ਕਿ ਨਵਾਂ ਸਾਲ ਹਰ ਇੱਕ ਲਈ ਖੁਸ਼ੀਆਂ, ਖੇੜੇ ਤੇ ਖੁਸ਼ਹਾਲੀ ਲੈ ਕੇ ਆਵੇ । ਇਸ ਮੌਕੇ ਬੋਲਦਿਆਂ ਵਿਧਾਇਕ ਚੌਧਰੀ ਵਿਕਰਮਜੀਤ ਸਿੰਘ ਤੇ ਸੀਨੀਅਰ ਆਗੂ ਗੁਰਪ੍ਰੀਤ ਸਿੰਘ ਹੈਪੀ ਜੌਹਲ ਖਾਲਸਾ ਨੇ ਅੱਗੇ ਕਿਹਾ ਕਿ ਹਰ ਇੱਕ ਵਿਅਕਤੀ ਦੀ ਜਿੰਦਗੀ 'ਚ ਉਤਰਾਅ-ਚੜਾਅ ਆਉਂਦੇ ਹਨ ਤੇ ਉਨਾਂ ਰੁਕਾਵਟਾਂ ਨੂੰ ਪਾਰ ਕਰਕੇ ਮੰਜਿਲ ਪ੍ਰਾਪਤ ਕਰਨਾ ਹੀ ਅਸਲ ਜਿੰਦਗੀ ਹੈ । ਉਨਾਂ ਵਾਹਿਗੁਰੂ ਅੱਗੇ ਸਰਬੱਤ ਦੇ ਭਲੇ ਲਈ ਅਰਦਾਸ ਕਰਦਿਆਂ ਕਿਹਾ ਕਿ ਉਨਾਂ ਦੀ ਇਹੀ ਕਾਮਨਾ ਹੈ ਕਿ ਹਰ ਵਿਅਕਤੀ ਇਸ ਨਵੇਂ ਸਾਲ 'ਚ ਆਪਣੇ ਮਿੱਥੇ ਹੋਏ ਟੀਚੇ ਨੂੰ ਪ੍ਰਾਪਤ ਕਰੇ ਤੇ ਮੰਜਿਲਾਂ ਨੂੰ ਛੂਹ ਕੇ ਤਰੱਕੀਆਂ ਪ੍ਰਾਪਤ ਕਰੇ ਤੇ ਆਪਣੇ ਸਮਾਜ, ਦੇਸ਼ ਤੇ ਕੌਮ ਦੀ ਸੇਵਾ ਕਰੇ । ਇਸ ਮੌਕੇ ਉਨਾਂ ਹਲਕਾ ਫਿਲੌਰ ਦੇ ਸਮੂਹ ਵਸਨੀਕਾਂ, ਵੋਟਰਾਂ ਤੇ ਸਪੋਰਟਰਾਂ ਦੀ ਲੰਬੀ ਉਮਰ ਤੇ ਸਿਹਤਯਾਬੀ ਲਈ ਵੀ ਕਾਮਨਾ ਕੀਤੀ ।

# ਜਥੇਬੰਦੀ ਵੱਲੋਂ ਨਵੇਂ ਸਾਲ ਦੀ ਡਾਇਰੀ ਰਿਲੀਜ਼

**ਮਾਨਸਾ( ਚਾਨਣ ਦੀਪ ਸਿੰਘ ਔਲਖ )** ਮਲਟੀਪਰਪਜ਼ ਹੈਲਥ ਇੰਪਲਾਈਜ਼ ਯੂਨੀਅਨ ਬਲਾਕ ਖਿਆਲਾ ਕਲਾਂ ਵੱਲੋਂ ਬਲਾਕ ਪ੍ਰਧਾਨ ਮਲਕੀਤ ਸਿੰਘ ਦੀ ਅਗਵਾਈ ਹੇਠ ਇਕ ਇਕੱਤਰਤਾ ਕੀਤੀ ਗਈ। ਇਸ ਮੌਕੇ ਬਲਾਕ ਦੇ ਸੀਨੀਅਰ ਮੈਡੀਕਲ ਅਫਸਰ ਡਾ. ਬਲਜੀਤ ਕੌਰ ਵੱਲੋਂ ਜਥੇਬੰਦੀ ਦੀ ਡਾਇਰੀ ਨੂੰ ਰਿਲੀਜ਼ ਕੀਤਾ ਗਿਆ। ਬਲਾਕ ਪ੍ਰਧਾਨ ਨੇ ਦੱਸਿਆ ਕਿ ਇਸ ਡਾਇਰੀ ਵਿਚ ਸਿਹਤ ਵਿਭਾਗ ਨਾਲ ਸਬੰਧਤ ਪ੍ਰਮੁੱਖ ਦਿਨਾਂ ਨੂੰ ਪ੍ਰਕਾਸ਼ਿਤ ਕੀਤਾ ਗਿਆ ਹੈ। ਡਾਇਰੀ ਦੇ ਪਹਿਲੇ ਪੰਨਿਆਂ ਤੇ ਮਲਟੀਪਰਪਜ਼ ਨਾਲ ਸਬੰਧਤ ਕੰਮਾਂ ਨੂੰ ਥਾਂ ਦਿੱਤੀ ਗਈ ਹੈ, ਜਿਸ ਵਿਚ ਮਲੇਰੀਆ, ਡੇਂਗੂ, ਚਿਕਨਗੁਨੀਆਂ ਤੋਂ ਹੋਣ ਵਾਲੀਆਂ



**ਸਿਹਤ ਕੇਂਦਰ ਖਿਆਲਾ ਕਲਾਂ ਵਿਖੇ ਡਾਇਰੀ ਰਿਲੀਜ਼ ਕਰਨ ਮੌਕੇ ਐਸ. ਐਮ. ਓ. ਬਲਜੀਤ ਕੌਰ ਅਤੇ ਹੋਰ ਸਿਹਤ ਕਰਮਚਾਰੀ।**

ਬਿਮਾਰੀਆਂ ਅਤੇ ਬਚਾਅ ਸਬੰਧੀ ਵੀ ਜਾਣਕਾਰੀ ਦਿੱਤੀ ਗਈ ਹੈ। ਡਾਇਰੀ ਨੂੰ ਹੋਰ ਵੀ ਸਾਰਥਕ ਬਣਾਉਣ ਲਈ ਇਸ ਰਾਹੀਂ ਸਾਫ ਸਫਾਈ, ਪੌਸ਼ਟਿਕ ਆਹਾਰ ਅਤੇ ਸਿਹਤ ਵਿਭਾਗ ਨਾਲ ਸਬੰਧਿਤ ਹੋਰ ਵੀ ਅਹਿਮ ਜਾਣਕਾਰੀਆਂ ਦਿੱਤੀਆਂ ਗਈਆਂ ਹਨ।ਇਸ ਮੌਕੇ ਜਥੇਬੰਦੀ ਦੇ ਆਗੂ ਸਰਬਜੀਤ ਸਿੰਘ ਨੇ ਦੱਸਿਆ ਕਿ ਦੱਸਿਆ ਕਿ ਜੱਥੇਬੰਦੀ ਵਲੋਂ ਪਿਛਲੇ ਲੰਬੇ ਸਮੇਂ ਤੋਂ ਆਪਣੀਆਂ ਮੰਗਾਂ ਸਬੰਧੀ ਸੰਘਰਸ਼ ਕੀਤਾ ਜਾ ਰਿਹਾ ਹੈ ਅਤੇ ਭਵਿੱਖ ਵਿਚ ਵੀ ਸੰਘਰਸ਼ ਜਾਰੀ ਰਹੇਗਾ। ਇਸ ਮੌਕੇ ਕੇਵਲ ਸਿੰਘ, ਗੁਰਪ੍ਰੀਤ ਸਿੰਘ, ਭੋਲਾ ਸਿੰਘ, ਮਨੋਜ ਕੁਮਾਰ, ਜਗਸੀਰ ਸਿੰਘ, ਚਰਨਜੀਤ ਸਿੰਘ, ਜਰਨੈਲ ਸਿੰਘ ਆਦਿ ਵੀ ਹਾਜ਼ਰ ਸਨ।

# ਇੱਕ ਪਾਰਟੀ ਵਰਕਰ ਦੇ ਹੱਕ ਅਤੇ ਇਨਸਾਫ ਲਈ ਲਾਇਆ ਰਾਤ ਨੂੰ ਧਰਨਾ : ਡਾ ਨਛੱਤਰ ਪਾਲ ਐਮ ਐਲ ਏ ਨਵਾਂਸ਼ਹਿਰ

**ਨਵਾਂਸ਼ਹਿਰ( ਚਰਨਜੀਤ ਸੱਲ੍ਹਾ )** ਬੀਤੀ ਰਾਤ ਨੂੰ ਬਸਪਾ ਦੇ ਐਮ ਐਲ ਏ ਹਲਕਾ ਨਵਾਂਸ਼ਹਿਰ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਧਰਨਾ ਲਗਾਇਆ ਜਿਸ ਵੇਲੇ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਗੱਲ ਹੋਈ ਹੈ ਤੁਸੀਂ ਰਾਤ ਦੇ ਟਾਈਮ ਕੜਕਦੀ ਠੰਢ ਵਿੱਚ ਧਰਨਾ ਲਾ ਕੇ ਬੈਠੇ ਹੋਏ ਹੈ ਤਾਂ ਉਨ੍ਹਾਂ ਨੇ ਕਿਹਾ ਕਿ ਗੁਰਮੁੱਖ ਨੌਰਥ ਐਮ ਸੀ ਨੂੰ ਪੁੱਛਿਆ ਜਾਵੇ ਤਾਂ ਗੁਰਮੁੱਖ ਨੌਰਥ ਐਮ ਸੀ ਨੇ ਆਪਣੇ ਨਾਲ ਬੀਤੀ ਹੱਡਬੀਤੀ ਦਾਸਤਾਨ ਸੁਣਾਈ ਉਨ੍ਹਾਂ ਦੱਸਿਆ ਕਿ ਕਿ ਉਨ੍ਹਾਂ ਦੇ ਮੁਹੱਲੇ ਵਿੱਚ ਇੱਕ ਟੈਲੀਫੋਨ ਆਇਆ ਤੇ ਉਸ ਨੇ ਦੱਸਿਆ ਕਿ ਲੜਾਈ ਝਗੜਾ ਹੋ ਰਿਹਾ ਹੈ ਤਾਂ ਉਸ ਘਰ ਰਾਤ ਦੇ ਟਾਈਮ ਗਿਆ ਤਾਂ ਜਾਕੇ ਪੁੱਛਿਆ ਕਿ ਤੁਸੀਂ ਲੜਾਈ ਝਗੜਾ ਕਿਉਂ ਕਰਦੇ ਹੋ ਸਵੇਰੇ ਬੈਠ ਕੇ ਗੱਲਬਾਤ ਕਰ ਲਿਓ। ਉਸ ਘਰ ਵਾਲਿਆਂ ਨੇ ਉਲਟਾ ਮੇਰੇ ਨਾਲ ਵੀ ਹੱਥੋਪਾਈ ਕੀਤੀ ਅਤੇ ਕੁਝ ਅਣਪਛਾਤੇ



ਵਿਅਕਤੀਆਂ ਨੂੰ ਸੱਦਕੇ ਮੇਰੀ ਕੁੱਟਮਾਰ ਕੀਤੀ। ਉਸ ਵੇਲੇ ਮੈਂ ਐਸ ਐਚ ਓ ਨੂੰ ਵਾਰ ਵਾਰ ਫੋਨ ਲਗਾਇਆ ਪਰ ਉਸ ਨੇ ਫੋਨ ਨਹੀਂ ਚੁੱਕਿਆ। ਅੱਜ ਦੂਸਰੇ ਦਿਨ ਵੀ ਥਾਣੇ ਵਿੱਚ ਮੈਨੂੰ ਗਾਲਾਂ ਕੱਢ ਰਿਹਾ ਹੈ ਉਹ ਵਿਅਕਤੀ ਜਿਹਨਾਂ ਨੇ ਰਾਤ ਨੂੰ ਆਕੇ ਮੇਰੇ ਨਾਲ ਹੱਥੋਪਾਈ ਕੀਤੀ ਸੀ ਫਿਰ ਵੀ ਪੁਲਿਸ ਨੇ ਕੋਈ ਐਕਸ਼ਨ ਨਹੀਂ ਲਿਆ। ਜਦੋਂ ਤੱਕ ਮੇਰੇ ਤੇ ਹਮਲਾ ਕਰਨ ਵਾਲੇ ਵਿਅਕਤੀਆ ਨੂੰ ਗਿਰਫਤਾਰ ਨਹੀਂ ਕਰਦੇ ਉਸ ਵੇਲੇ ਤੱਕ ਅਸੀਂ ਧਰਨੇ ਤੇ ਬੈਠੇ ਰਹਾਂਗੇ। ਪੁਲਿਸ ਪ੍ਰਸ਼ਾਸਨ ਦੀਆਂ ਕਈ ਹੋਰ ਗਲਤੀਆਂ ਵੀ ਉਨ੍ਹਾਂ ਦੀ ਟੀਮ ਨੇ ਉਸ ਵੇਲੇ ਉਜਾ-ਗਰ ਕੀਤੀਆਂ। ਇਸ ਵੇਲੇ ਡਾ ਨਛੱਤਰ ਪਾਲ ਐਮ ਐਲ ਏ ਹਲਕਾ ਨਵਾਂਸ਼ਹਿਰ ਨੇ ਕਿਹਾ ਕਿ ਕੋਈ ਪ੍ਰਸ਼ਾਸਨ ਨਾ ਦੀ ਚੀਜ਼ ਨਹੀਂ ਹੈ ਮੈਂ ਜਦੋਂ ਕਿ ਐਸ ਐਸ ਪੀ ਨੂੰ ਵੀ ਦੱਸਿਆ ਹੈ ਪਰ ਕੋਈ ਕਾਰਵਾਈ ਨਹੀਂ ਕੀਤੀ। ਬਾਅਦ ਵਿੱਚ ਡਾ ਸੁਖਵਿੰਦਰ ਸੁੱਖੀ ਐਮ ਐਲ ਏ ਬੰਗਾ, ਜਸਵੀਰ ਸਿੰਘ ਗੜ੍ਹੀ ਸਾਬਕਾ ਪ੍ਰਧਾਨ ਬਸਪਾ ਪੰਜਾਬ,ਆਪ ਦੇ ਨਵਾਂਸ਼ਹਿਰ ਤੋਂ ਐਮ ਐਲ ਏ ਦੀ ਚੋਣ ਲੜ ਚੁੱਕੇ, ਕਮਲਜੀਤ ਕਮਲ ਐਮ ਸੀ, ਅਕਾਲੀ ਐਮ ਸੀ ਸਾਰਿਆਂ ਦੇ ਕਹਿਣ ਤੇ ਪ੍ਰਸ਼ਾਸਨ ਤੋਂ ਟਾਈਮ ਲਿਆ ਅਤੇ ਧਰਨਾ ਖ਼ਤਮ ਕੀਤਾ। ਸਰਬਜੀਤ ਜਾਫਰਪੁਰੀ ਅਤੇ ਬਹੁਤ ਸਾਰੇ ਵਰਕਰ ਵੱਖ ਵੱਖ ਪਾਰਟੀਆਂ ਦੇ ਉਸ ਟਾਇਮ ਹਾਜ਼ਰ ਸਨ।

# ਓਮਕਾਰ ਮਹਿੰਦੀਪੁਰ ਪੰਜਾਬ ਸਾਹਿਤ ਸਭਾ ਨਵਾਂਸ਼ਹਿਰ ਦੇ ਨਵੇਂ ਪ੍ਰਧਾਨ ਦੀ ਹੋਈ ਚੋਣ

**ਗੜ੍ਹਸ਼ੰਕਰ (ਬਲਵੀਰ ਚੌਪੜਾ )** ਬੀਤੇ ਦਿਨੀ ਗੁਰਚਰਨ ਬੱਧਣ ਸਰਪ੍ਰਸਤ ਪੰਜਾਬ ਸਾਹਿਤ ਸਭਾ (ਰਜਿ:) ਨਵਾਂਸ਼ਹਿਰ ਦੇ ਗ੍ਰਹਿ ਵਿਖੇ ਇੱਕ ਅਹਿਮ ਮੀਟਿੰਗ ਹੋਈ ਜਿਸ ਵਿੱਚ ਸਾਬਕਾ ਪ੍ਰਧਾਨ ਸ਼੍ਰੀ ਦਰਸ਼ਨ ਦਰਦੀ ਦੇ ਅਸਤੀਫੇ ਤੇ ਸਾਰੇ ਮੈਂਬਰਾਂ ਵਲੋਂ ਲਿਖਤੀ ਰੂਪ ਵਿੱਚ ਸਹਿਮਤੀ ਪ੍ਰਗਟ ਕਰਦੇ ਹੋਏ ਸ਼੍ਰੀ ਓਮਕਾਰ ਸ਼ੀਂਹਮਾਰ (ਮਹਿੰਦੀਪੁਰ) ਨੂੰ ਸਰਵਸੰਮਤੀ ਨਾਲ ਨਵਾਂ ਪ੍ਰਧਾਨ ਨਿਯੁਕਤ ਕੀਤਾ ਗਿਆ। ਨਵ ਨਿਯੁਕਤ ਪ੍ਰਧਾਨ ਸ਼੍ਰੀ ਓਮਕਾਰ ਮਹਿੰਦੀਪੁਰ ਨੇ ਸਮੂਹ ਮੈਂਬਰਾਨ ਦਾ ਧੰਨਵਾਦ ਕਰਦੇ ਹੋਏ ਵਿਸ਼ਵਾਸ ਦਿਵਾਇਆ ਕਿ ਸਾਰਿਆਂ ਦੇ ਸਹਿਯੋਗ ਅਤੇ ਅਸ਼ੀਰਵਾਦ ਨਾਲ ਪੰਜਾਬ ਸਾਹਿਤ



ਸਭਾ ਨੂੰ ਬੁਲੰਦੀਆਂ ਤੱਕ ਲੈਕੇ ਜਾਵਾਂਗਾ ਤੇ ਇਸ ਸੇਵਾ ਨੂੰ ਤੰਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਵਾਂਗਾ। ਇਸ ਮੌਕੇ ਇਲਾਕੇ ਦੇ ਪ੍ਰਸਿੱਧ ਕਵੀ, ਗਾਇਕ ਅਤੇ ਸਭਾ ਦੇ ਸਮੂਹ ਮੈਂਬਰਾਨ ਜਨਾਬ ਗੁਰਚਰਨ ਬੱਧਣ ਸਰਪ੍ਰਸਤ ਪੰਜਾਬ ਸਾਹਿਤ ਸਭਾ, ਸ਼੍ਰੀਮਤੀ ਸੁਨੀਤਾ ਬੱਧਣ, ਦਰਸ਼ਨ ਦਰਦੀ ਸਾਬਕਾ ਪ੍ਰਧਾਨ, ਹਰਬਲਾਸ ਬੱਧਣ ਸੀਨੀਅਰ ਵਾਈਸ ਪ੍ਰਧਾਨ, ਮਲਕੀਤ ਕੌਰ ਜੰਡੀ ਵਾਈਸ ਪ੍ਰਧਾਨ, ਤਰਸੇਮ ਸਾਕੀ ਜ: ਸਕੱਤਰ, ਐਡਵੋਕੇਟ ਜਸਪ੍ਰੀਤ ਸਿੰਘ ਬਾਜਵਾ ਕਨੂੰਨੀ ਸਲਾਹਕਾਰ, ਮਨਮੋਹਨ ਸਿੰਘ ਗੁਲਾਟੀ ਮੁੱਖ ਸਲਾਹਕਾਰ, ਬਹਾਦਰ ਚੰਦ ਅਰੋੜਾ ਸਲਾਹਕਾਰ, ਵਾਸਦੇਵ ਪਰਦੇਸੀ ਪ੍ਰੈੱਸ ਸਕੱਤਰ, ਰਾਮ ਲਾਲ ਫੁਰਤੀਲਾ, ਰੀਟਾ ਸਿੱਧੂ ਸਲੋਹ, ਮਨਜੀਤ ਕੌਰ ਨਵਾਂਸ਼ਹਿਰ ਅਤੇ ਬੇਟੀ ਗੀਤਿਕਾ ਨਿਗਾਹ ਆਦਿ ਹਾਜ਼ਰ ਸਨ।

# ਅਲਸਹੇਬ ਕੈਂਪ ਦੇ ਕਿਰਤੀਆਂ ਨੇ ਸਾਹਿਬਜਾਦਿਆ ਦੀ ਸ਼ਹਾਦਤ ਨੂੰ ਸਮਰਪਿਤ ਦੁੱਧ ਦਾ ਲੰਗਰ ਲਗਾਇਆ

**ਦੁਬਈ (ਸਤਨਾਮ ਸਿੰਘ ਸਹੂੰਗੜਾ)** ਪੰਜਾਬੀ ਜਿੱਥੇ ਵੀ ਹੋਣ ਉਸ ਹਰ ਥਾਂ ਤੇ ਆਪਣੇ ਗੁਰੂਆਂ ਦਾ ਫਲਸਫਾ ਪਹੁੰਚਦਾ ਕਰਨ ਨੂੰ ਆਪਣਾ ਜੱਦੀ ਹੱਕ ਸਮਝਦੇ ਹਨ ਤੇ ਇਸ ਵਿੱਚ ਵਧ ਚੜ੍ਹ ਕੇ ਦੇਸ਼-ਵਿਦੇਸ਼ ਦੀ ਧਰਤੀ ਰੱਜਵਾਂ ਹਿੱਸਾ ਵੀ ਪਾ ਰਹੇ ਹਨ। ਇਸ ਪਿਰਤ ਨੂੰ ਅੱਗੇ ਤੋਰਦਿਆਂ ਤੇ ਪਹਿਲੇ ਪਾਤਸ਼ਾਹ ਸਤਿਗੁਰੂ ਨਾਨਕ ਦੇਵ ਜੀ ਵਲੋਂ ਚਲਾਈ ਲੰਗਰ ਦੀ ਸਾਂਝ ਦੀ ਸੰਗਤਾਂ ਨਾਲ ਸਾਂਝ ਪਾਉਦਿਆਂ ਅੱਜ ਦੁਬਈ ਦੀ ਐਨ ਬੀ ਐਚ ਐਚ ਕੰਪਨੀ ਦੇ ਅਲੈਨ ਸ਼ਹਿਰ ਦੇ ਨਜਦੀਕ ਅਲਸਹੇਬ ਕੈਂਪ ਦੇ ਪੰਜਾਬੀ ਕਿਰਤੀਆਂ ਨੇ ਰਲ ਮਿਲ ਕੇ ਦਸਵੇਂ ਗੁਰੂ ਗੁਰੂ ਗੋਬਿੰਦ ਸਿੰਘ



ਜੀ ਦੇ ਸਾਹਿਬਜਾਦਿਆਂ ਦਾ ਸ਼ਹੀਦੀ ਪੁਰਬ ਮਨਾਇਆ। ਇਕੱਠੀਆਂ ਹੋਈਆਂ ਸੰਗਤਾਂ ਨੇ ਪਹਿਲਾਂ ਗੁਰਬਾਣੀ ਦਾ ਜਾਪ ਕੀਤਾ ਫਿਰ ਦੇਗ ਵਰਤਾਉਣ ਉਪਰੰਤ ਅਰਦਾਸ ਬੇਨਤੀ ਕਰਕੇ ਦੁੱਧ ਤੇ ਬ੍ਰੈਡ, ਬਿਸਕੁਟਾਂ ਦਾ ਲੰਗਰ ਚਲਾਇਆ। ਇਹ ਲੰਗਰ ਸ਼ਾਮ ਤੱਕ ਨਿਰਵਿਘਨ ਚੱਲਦਾ ਰਿਹਾ। ਇਸ ਵਿੱਚ ਸਾਰਿਆਂ ਨੇ ਰਲ ਕੇ ਪਿਆਰ ਦਾ ਸਬੂਤ ਦਿੰਦਿਆਂ ਸੇਵਾ ਵਿੱਚ ਵਧ ਚੜ੍ਹ ਕੇ ਹਿੱਸਾ ਪਾਇਆ ਤੇ ਦਸਵੰਧ ਦੇ ਕੇ ਇਸ ਕਾਰਜ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਿਆ। ਇਸ ਮੌਕੇ ਵਲੰਟੀਅਰਾਂ ਵੱਲੋਂ 'ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ' ਦਾ ਨਾਅਰਾ ਬੁਲੰਦ ਕਰਕੇ ਸਾਰੀਆਂ ਸੰਗਤਾਂ ਨੂੰ ਹੋਰ ਵਧੇਰੇ ਆਪਸੀ ਪਿਆਰ ਅਤੇ ਸਹਿਯੋਗ ਨਾਲ ਵਿਚਰਨ ਦਾ ਸੁਨੇਹਾ ਦਿੱਤਾ ਅਤੇ ਪੂਰੀ ਦੁਨੀਆਂ ਵਿੱਚ ਆਪਣੇ ਸ਼ਹੀਦਾਂ ਤੇ ਸਿੱਖੀ ਦਾ ਪ੍ਰਚਾਰ ਪ੍ਰਸਾਰ ਕਰਨ ਦਾ ਹੋਕਾ ਵੀ ਦਿੱਤਾ।

# ਡਾਕਟਰ ਅੰਬੇਡਕਰ ਦੀ ਸ਼ਾਨ ਖਿਲਾਫ ਬੋਲਣ ਤੇ ਅਮਿਤ ਸ਼ਾਹ ਦਾ ਪੁਤਲਾ ਫੂਕ ਕੇ ਵਿਰੋਧ ਜਤਾਇਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਅੱਜ ਇਥੇ ਸ਼ਹੀਦ ਸਾਥੀ ਚੰਨਣ ਸਿੰਘ ਧੂਤ ਭਵਨ ਦਫਤਰ ਸੀ.ਪੀ.ਆਈ (ਐਮ) ਜ਼ਿਲ੍ਹਾ ਹੁਸ਼ਿਆਰਪੁਰ ਵਿਖੇ 3 ਖੱਬੇ ਪੱਖੀ ਪਾਰਟੀਆਂ ਦੇ ਸਦੇ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵਲੋ ਸੰਵਿਧਾਨ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਜੀ ਲਈ ਦੇਸ਼ ਦੀ ਪਾਰਲੀਮੈਂਟ ਅੰਦਰ ਵਰਤੇ ਗਏ ਅਪਮਾਨਜਨਕ ਸ਼ਬਦਾਂ ਦੇ ਵਿਰੋਧ ਵਿਚ ਪੂਰੇ ਪੰਜਾਬ ਅੰਦਰ ਵਿਰੋਧ ਪ੍ਰਦਰਸ਼ਨ ਕਰਦਿਆਂ ਅਰਥੀ ਫੂਕ ਮੁਜਾਹਰਿਆਂ ਦਾ ਜੋ ਸੱਦਾ ਦਿਤਾ ਸੀ। ਉਸ ਉਪਰ ਅਮਲ ਕਰਦਿਆਂ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਪੁਤਲਾ ਪਾਰਟੀ ਦਫਤਰ ਤੋਂ ਲਿਜਾ ਕੇ ਡਾ ਭੀਮ ਰਾਓ ਅੰਬੇਡਕਰ ਦੇ ਸਮਾਰਿਕ ਸਾਹਮਣੇ ਨੇੜੇ ਬੱਸ ਸਟੈਂਡ ਹੁਸ਼ਿਆਰਪੁਰ ਫੂਕਿਆ ਗਿਆ। ਇਸ ਮੌਕੇ ਸੀਪੀਆਈ ਐਮ ਦੇ ਸੂਬਾ ਕਮੇਟੀ ਮੈਂਬਰ ਕਾਮਰੇਡ ਗੁਰਮੇਸ਼ ਸਿੰਘ,



ਸੀਪੀਆਈ ਦੇ ਆਗੂ ਉਂਕਾਰ ਸਿੰਘ, ਲੇਬਰ ਪਾਰਟੀ ਦੇ ਪ੍ਰਧਾਨ ਸਾਥੀ ਜੈ ਗੋਪਾਲ ਧੀਮਾਨ ਤੇ ਸੀਟੂ ਆਗੂ ਸਾਥੀ ਧਨਪੱਤ ਬੱਸੀ ਦੌਲਤ ਖਾਂ ਨੇ ਅਪਣੇ ਵਿਚਾਰ ਪੇਸ਼ ਕੀਤੇ। ਸਾਰੇ ਬੁਲਾਰਿਆਂ ਨੇ ਗ੍ਰਹਿ ਮੰਤਰੀ ਦੀ ਘੋਰ ਨਿੰਦਾ ਕਰਦਿਆਂ ਹੋਇਆਂ ਖੱਬੀਆਂ ਤੇ ਧਰਮ-ਨਿਰਪੇਖ ਧਿਰਾਂ ਵਲੋਂ ਇਕ ਜੁੱਟ ਹੋ ਕੇ ਸੰਵਿਧਾਨ ਦੀ ਰਾਖੀ ਕਰਨ ਦੀ ਅਪੀਲ ਕੀਤੀ । ਇਸ ਮੌਕੇ ਸਾਥੀ ਬਲਵਿੰਦਰ ਸਿੰਘ, ਗੁਰਮੇਲ ਸਿੰਘ, ਪ੍ਰੇਮ ਲਤਾ, ਸੁਰਿੰਦਰ ਕੌਰ, ਕ੍ਰਿਸ਼ਨ ਗੋਪਾਲ, ਸੁਖਦੇਵ ਸਿੰਘ ਧਾਮੀ, ਮਲਕੀਤ ਸਿੰਘ, ਤੀਰਥ ਸਿੰਘ ਸਤੌਰ, ਇੰਦਰਪਾਲ ਸਿੰਘ ਅਹਿਰਾਣਾ, ਪਰਸ਼ਨ ਸਿੰਘ ਲਹੀ, ਰਾਮ ਨਿਵਾਸ, ਸੁਰਿੰਦਰ ਕੁਮਾਰ ਅਤੇ ਬਲਜੀਤ ਕੁਮਾਰ ਆਦਿ ਹਾਜ਼ਰ ਸਨ ।

# ਪੀ.ਏ.ਯੂ-ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਪਿੰਡ ਚੱਗਰਾਂ ਵਿਖੇ ਕਿਸਾਨ ਸਾਇੰਸਦਾਨ ਮਿਲਣੀ ਕਰਵਾਈ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਅਤੇ ਭਾਰਤੀ ਖੇਤੀਬਾੜੀ ਖੋਜ ਪ੍ਰੀਸ਼ਦ-ਅਟਾਰੀ, ਜ਼ੋਨ-1 ਦੇ ਅਧੀਨ ਕਾਰਜਸ਼ੀਲ ਪੀ.ਏ.ਯੂ-ਕ੍ਰਿਸ਼ੀ ਵਿਗਿਆਨ ਕੇਂਦਰ, ਬਾਹੋਵਾਲ ਵੱਲੋਂ ਬੀਤੇ ਦਿਨੀਂ ਪਿੰਡ ਚੱਗਰਾਂ ਵਿਖੇ ਕਿਸਾਨ ਸਾਇੰਸਦਾਨ ਮਿਲਣੀ ਕਰਵਾਈ ਗਈ।ਮਿਲਣੀ ਦੀ ਸ਼ੁਰੂਆਤ ਵਿੱਚ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਸਹਿ-ਡਾਇਰੈਕਟਰ (ਸਿਖਲਾਈ) ਡਾ: ਮਨਿੰਦਰ ਸਿੰਘ ਬੌਂਸ ਨੇ ਹਾਜਰ ਕਿਸਾਨਾਂ ਦਾ ਸਵਾਗਤ ਕਰਦਿਆਂ ਕੇਂਦਰ ਵਲੋਂ ਕਿਸਾਨ ਭਲਾਈ ਸਬੰਧੀ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨੇ ਖੇਤੀ ਤੋਂ ਵੱਧ ਮੁਨਾਫੇ ਲਈ ਪਸ਼ੂ ਪਾਲਣ, ਮੁਰਗੀ ਪਾਲਣ, ਬਕਰੀ ਪਾਲਣ, ਮਧੂ ਮੱਖੀ ਪਾਲਣ, ਖੁੰਬ ਉਤਪਾਦਨ ਵਰਗੇ ਸਹਾਇਕ ਖੇਤੀ ਧੰਧੇ ਅਪਨਾਉਣ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਨੇ ਕਿਸਾਨਾਂ ਨੂੰ ਇਸ ਬਾਬਤ ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਚਲਾਏ ਜਾ ਰਹੇ ਕਿੱਤਾ-ਮੁਖੀ ਸਿਖਲਾਈ ਕੋਰਸਾਂ ਦਾ ਭਰਪੂਰ ਲਾਹਾ ਲੈਣ ਲਈ ਪ੍ਰੇਰਿਆ।



ਉਨ੍ਹਾਂ ਨੇ ਦੱਸਿਆ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਚਲਾਏ ਜਾ ਰਹੇ ਵੱਖ-ਵੱਖ ਸ਼ੋਸ਼ਲ ਮੀਡਿਆ ਪਲੈਟਫਾਰਮ- ਪੀ.ਏ.ਯੂ ਦੀ ਵੈੱਬਸਾਇਟ, ਪੀ.ਏ.ਯੂ ਕਿਸਾਨ ਐਪ, ਟਵਿੱਟਰ, ਫੇਸਬੁੱਕ, ਇੰਸਟਾਗ੍ਰਾਮ. ਯੂਟਿਊਬ, ਖੇਤੀ ਸੰਦੇਸ਼ ਆਦਿ ਦੀ ਵਰਤੋਂ ਰਾਹੀਂ ਖੇਤੀ ਗਿਆਨ ਤੇ ਨਵੀਨਤਮ ਤਕਨੀਕੀ ਜਾਣਕਾਰੀ ਉਪਲਬੱਧ ਕਰਵਾਈ ਜਾ ਰਹੀ ਹੈ। ਇਸ ਮੌਕੇ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਵਿਗਿਆਨੀਆਂ ਸਹਿ-ਪ੍ਰੋਫੈਸਰ (ਫ਼ਸਲ ਵਿਗਿਆਨ) ਗੁਰਪ੍ਰਤਾਪ ਸਿੰਘ ਅਤੇ ਸਹਾਇਕ ਪ੍ਰੋਫੈਸਰ (ਪੌਦ ਸੁਰੱਖਿਆ) ਡਾ.ਪ੍ਰਭਜੋਤ ਕੌਰ ਨੇ ਹਾੜ੍ਹੀ ਦੀਆਂ ਫ਼ਸਲਾਂ ਦੇ ਸਰਵਪੱਖੀ ਖਾਦ, ਨਦੀਨ ਤੇ ਕੀਟ ਪ੍ਰਬੰਧਨ, ਖਾਸਕਰ, ਹਲਕੀਆਂ ਜ਼ਮੀਨਾਂ ਵਿੱਚ ਮੈਂਗਨੀਜ ਤੱਤ ਦੀ ਪੂਰਤੀ, ਗੁੱਲੀ ਡੰਡਾ ਨਦੀਨ ਅਤੇ ਕਣਕ ਦੀ ਪੀਲੀ ਕੁੰਗੀ ਦੀ ਰੋਕਥਾਮ ਬਾਬਤ ਤਕਨੀਕੀ ਜਾਣਕਾਰੀ ਸਾਂਝੀ ਕੀਤੀ। ਮਿਲਣੀ ਵਿੱਚ ਪਿੰਡ ਚੱਗਰਾਂ ਦੇ ਸਾਬਕਾ ਸਰਪੰਚ ਸੁਬਿੰਦਰ ਸਿੰਘ ਅਤੇ ਹੋਰ ਅਗਾਂਹਵਧੂ ਕਿਸਾਨ ਸੁਰਜੀਤ ਸਿੰਘ, ਰਾਜਵਿੰਦਰ ਕੁਮਾਰ, ਦਾਨ ਸਿੰਘ, ਧੰਨਵੀਰ ਸਿੰਘ, ਮਨਮੋਹਨ ਸਿੰਘ, ਸਰਬਨ ਸਿੰਘ ਬਿੱਟੂ, ਤਰਸੇਮ ਸਿੰਘ, ਜਸਵਿੰਦਰ ਸਿੰਘ, ਕੁਲਦੀਪ ਸਿੰਘ ਅਤੇ ਸੰਤੋਖ ਸਿੰਘ ਵੀ ਮੌਜੂਦ ਸਨ ਅਤੇ ਆਪਣੇ ਖਦਸ਼ਿਆਂ ਤੇ ਖੇਤੀ ਸਮੱਸਿਆਂ ਬਾਰੇ ਮਾਹਿਰਾਂ ਨਾਲ ਵਿਚਾਰ ਚਰਚਾ ਕੀਤੀ।

# ਮਹਾਨ ਖੂਨਦਾਨੀ ਭਾਈ ਬਰਿੰਦਰ ਸਿੰਘ ਮਸੀਤੀ ਦਾ ਸੈਂਟ ਸੋਲਜਰ ਐਜੂਕੇਸ਼ਨ ਗਰੁੱਪ ਨੇ ਕੀਤਾ ਵਿਸ਼ੇਸ਼ ਸਨਮਾਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਬੀਤੇ ਦਿਨ ਸੈਂਟ ਸੋਲਜਰ ਡਿਵਾਇਨ ਪਬਲਿਕ ਸਕੂਲ ਟਾਂਡਾ ਵਿਖੇ ਡਾਇਰੈਕਟਰ ਇੰਦਰ ਕੁਮਾਰ ਸਾਹਨੀ ਦੀ ਅਗਵਾਈ ਵਿੱਚ ਸਕੂਲ ਦਾ ਸਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ ਸੀ। ਇਸ ਇਨਾਮ ਵੰਡ ਸਮਾਰੋਹ ਵਿੱਚ ਸੈਂਟ ਸੋਲਜਰ ਗਰੁੱਪ ਆਫ ਇੰਸਟੀਟਿਊਸ਼ਨ ਦੇ ਚੇਅਰਮੈਨ ਅਨਿਲ ਚੋਪੜਾ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਅਲੱਗ ਅਲੱਗ ਗਤੀਵਿਧੀਆਂ ਰਾਹੀਂ ਆਏ ਹੋਏ ਮਹਿਮਾਨਾਂ ਦਾ ਮਨ ਮੋਹ ਲਿਆ। ਇਸ ਮੌਕੇ ਜਿੱਥੇ ਸਕੂਲ ਮੈਨੇਜਮੈਂਟ ਦੇ ਡਾਇਰੈਕਟਰ ਇੰਦਰ ਕੁਮਾਰ ਸਾਹਨੀ ਵੱਲੋਂ ਸਕੂਲ ਦੀ ਸਲਾਨਾ ਰਿਪੋਰਟ ਪੇਸ਼ ਕੀਤੀ ਗਈ ਤੇ ਸਕੂਲ ਵਿੱਚ ਕਰਵਾਈਆਂ ਜਾਂਦੀਆਂ ਗਤੀਵਿਧੀਆਂ ਸਬੰਧੀ ਚਾਨਣ




ਪਾਇਆ ਗਿਆ। ਇਸ ਮੌਕੇ ਸੰਸਥਾ ਦੇ ਚੇਅਰਮੈਨ ਅਨਿਲ ਚੋਪੜਾ ਨੇ ਜਿੱਥੇ ਸਕੂਲ ਵਿੱਚ ਵਧੀਆ ਆਚਰਨ ਰੱਖਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਉਥੇ ਹੀ ਵੱਖ-ਵੱਖ ਖੇਤਰਾਂ ਵਿੱਚ ਆਪਣਾ ਯੋਗਦਾਨ ਪਾਉਣ ਵਾਲੀਆਂ ਇਲਾਕੇ ਦੀਆਂ ਸ਼ਖਸ਼ੀਅਤਾਂ ਦਾ ਸਨਮਾਨ ਕੀਤਾ। ਇਸ ਮੌਕੇ ਅਨਿਲ ਚੋਪੜਾ ਨੇ ਪਿਛਲੇ ਦਿਨੀ ਸਟੇਟ ਅਵਾਰਡ ਹਾਸਲ ਕਰਨ ਵਾਲੇ ਟਾਂਡਾ ਤੋਂ ਆਈ ਡੋਨਰ ਇੰਚਾਰਜ ਭਾਈ ਵਰਿੰਦਰ ਸਿੰਘ ਮਸੀਤੀ ਨੂੰ ਵਿਸ਼ੇਸ਼ ਸਨਮਾਨ ਦੇ ਕੇ ਸਨਮਾਨਿਤ ਕੀਤਾ ਤੇ ਭਾਈ ਮਸੀਤੀ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਜੰਮ ਕੇ ਤਾਰੀਫ ਕੀਤੀ। ਇਸ ਮੌਕੇ ਸੰਸਥਾ ਵੱਲੋਂ ਡਿਪਟੀ ਡਾਇਰੈਕਟਰ ਹੈਲਥ ਪੰਜਾਬ ਡਾਕਟਰ ਕੇਵਲ ਸਿੰਘ ਕਾਜਲ , ਕਿਸਾਨ ਆਗੂ ਜੰਗਵੀਰ ਸਿੰਘ ਦੁਆਬਾ ਕਿਸਾਨ ਕਮੇਟੀ, ਐਸਐਮਓ ਡਾਕਟਰ ਕਰਨ ਕੁਮਾਰ ਸੈਣੀ ਪ੍ਰੋਫੈਸਰ ਕੇ ਕਲੋਟੀ ਡਾਕਟਰ ਮੀਨਾਕਸ਼ੀ ਤੇ ਹੋਰ ਸ਼ਖਸ਼ੀਅਤਾਂ ਦਾ ਬੀ ਸਨਮਾਨ ਕੀਤਾ।

# ਸੰਸਦ ਵਿੱਚ ਡਾਕਟਰ ਭੀਮ ਰਾਓ ਅੰਬੇਦਕਰ ਦਾ ਅਪਮਾਨ ਕਰਨ ਲਈ ਗ੍ਰਹਿ ਮੰਤਰੀ ਅਮਿਤ ਸ਼ਾਹ ਮਾਫ਼ੀ ਮੰਗੇ :- ਸਮਾਜ ਭਲਾਈ ਸੰਸਥਾ ਮਹਾਲੋਂ

**ਨਵਾਂਸ਼ਹਿਰ (ਚਰਨਜੀਤ ਸੱਲ੍ਹਾ )** ਪਿੰਡ ਮਹਾਲੋਂ ਦੀ ਸਮਾਜ ਭਲਾਈ ਸੰਸਥਾ ਦੀ ਇੱਕ ਅਹਿਮ ਮੀਟਿੰਗ ਦੌਰਾਨ ਸੰਸਥਾ ਦੇ ਮੈਂਬਰ ਡਾਕਟਰ ਸੁਰਿੰਦਰ ਮਹਾਲੋਂ, ਪ੍ਰਧਾਨ ਲੱਡੂ, ਤਾਰੀ ਅਤੇ ਪੰਚਾਇਤ ਮੈਂਬਰ ਬੌਬੀ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਕਿ ਪਿਛਲੇ ਦਿਨੀਂ ਸੰਸਦ ਵਿੱਚ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੰਵਿਧਾਨ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੇ ਪ੍ਰਤੀ ਟਿੱਪਣੀ ਦਿੱਤੀ ਉਹ ਬੇਹੱਦ ਨਿੰਦਣਯੋਗ ਹੈ ਇਸ ਨਾਲ ਪੂਰੇ ਦੇਸ਼ ਵਾਸੀਆਂ ਖਾਸ ਕਰਕੇ ਡਾਕਟਰ ਭੀਮ



ਰਾਓ ਅੰਬੇਦਕਰ ਜੀ ਨੂੰ ਚਾਹੁਣ ਵਾਲਿਆਂ ਦੇ ਮਨਾਂ ਨੂੰ ਭਾਰੀ ਠੇਸ ਪਹੁੰਚੀ ਹੈ। ਕਿਉਂਕਿ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਨੇ ਦੇਸ਼ ਦੇ ਦੱਬੇ ਕੁੱਚਲੇ ਦਲਿਤ ਸਮਾਜ, ਪੱਛੜੇ ਵਰਗਾਂ ਅਤੇ ਇਸਤਰੀ ਜਾਤੀ ਲਈ ਸੰਵਿਧਾਨ ਵਿੱਚ ਬਰਾਬਰਤਾ ਦੇ ਅਧਿਕਾਰ ਲੈ ਕੇ ਉਨ੍ਹਾਂ ਨੂੰ ਸਦੀਆਂ ਤੋਂ ਗੁਲਾਮੀ ਦੀਆਂ ਜੰਜੀਰਾਂ ਤੋਂ ਬਾਹਰ ਕੱਢਿਆ ਇਸ ਲਈ ਇਹ ਸਾਰੇ ਲੋਕ ਡਾਕਟਰ ਭੀਮ ਰਾਓ ਅੰਬੇਦਕਰ ਜੀ ਨੂੰ ਇੱਕ ਮਸੀਹਾ, ਇੱਕ ਰੱਬ ਮੰਨ ਕੇ ਧਿਆਉਂਦੇ ਹਨ।ਪਰ ਗ੍ਰਿਹ ਮੰਤਰੀ ਅਮਿਤ ਸ਼ਾਹ ਨੇ ਸੰਸਦ ਵਿੱਚ ਉਨ੍ਹਾਂ ਪ੍ਰਤੀ ਅਸ਼ਲੀਲ ਟਿੱਪਣੀ ਕਰਕੇ ਉਨ੍ਹਾਂ ਦਾ ਅਪਮਾਨ ਕੀਤਾ ਹੈ। ਜੇਕਰ ਅੱਜ ਅਮਿਤ ਸ਼ਾਹ ਸੰਸਦ ਵਿੱਚ ਗ੍ਰਿਹ ਮੰਤਰੀ ਬਣਕੇ ਪਹੁੰਚੇ ਹਨ ਤਾਂ ਉਹ ਸਿਰਫ਼ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੇ ਲਿਖੇ ਸੰਵਿਧਾਨ ਦੀ ਵਜ੍ਹਾ ਕਰਕੇ ਹਨ।ਸਮਾਜ ਭਲਾਈ ਸੰਸਥਾ ਮਹਾਲੋਂ ਵਲੋਂ ਇਹ ਮੰਗ ਕੀਤੀ ਜਾਂਦੀ ਹੈ ਕਿ ਅਮਿਤ ਸ਼ਾਹ ਨੈਤਿਕਤਾ ਦੇ ਆਧਾਰ ਤੇ ਅਸਤੀਫਾ ਦੇ ਕੇ ਸਾਰੇ ਦੇਸ਼ ਵਾਸੀਆਂ ਤੋਂ ਮਾਫ਼ੀ ਮੰਗਣ। ਇਸ ਸਮੇਂ ਤਾਰੀ, ਭੁੱਟੋ, ਜਗਤਾਰ,ਬੁੱਧ ਰਾਮ, ਸੁਰਜੀਤ, ਲਖਵੀਰ ਚੰਦ, ਹੈਪੀ,ਲੱਭਾ, ਮਿੰਟੂ ਬਿੱਲੂ ਅਤੇ ਬਿੰਦਾ ਆਦਿ ਮੈਂਬਰ ਮੌਜੂਦ ਸਨ।

# ਕਿਤਾਬ ਲਿਖਣੀ ਸੋਖੀ ਨਹੀਂ ਹੁੰਦੀ ਇੱਕ ਕਿਤਾਬ ਦੀ ਸਤਰ ਲਿਖਣ ਲਈ ਕਿੰਨੀਆਂ ਕਿਤਾਬਾਂ ਪੜ੍ਹਨੀਆਂ ਪੈਂਦੀਆਂ ਇਹ ਸਿਰਫ਼ ਇੱਕ ਲੇਖਕ ਹੀ ਜਾਣਦਾ ਹੈ: ਪ੍ਰਿਆ ਅੰਬੇਡਕਰ

**ਬੰਗਾ ( ਚਰਨਜੀਤ ਸੱਲ੍ਹਾ )** ਕਿਤਾਬ ਲਿਖਣੀ ਸੋਖੀ ਨਹੀਂ ਹੁੰਦੀ , ਇਕ ਸਤਰ ਲਿਖਣ ਲਈ ਕਿੰਨੀਆਂ ਕਿਤਾਬਾਂ ਪੜਨੀਆਂ ਪੈਂਦੀਆਂ ਇਹ ਸਿਰਫ ਇਕ ਲੇਖਕ ਹੀ ਜਾਣਦਾ । ਨਿੰਦਣ ਵਾਲੇ ਕਿਤਾਬ ਦਾ ਕਵਰ ਦੇਖ ਕੇ ਹੀ ਪੂਰੀ ਕਿਤਾਬ ਨਿੰਦ ਦਿੰਦੇ ਹਨ । ਮੈ ਆਪਣੀ ਅਗਲੀ ਕਿਤਾਬ ਜਿਸਦਾ ਨਾਮ "ਨੀਚਤਾ ਦੀ ਜੜ੍ਹ" ਹੈ ਲਿਖ ਰਹੀ ਹਾਂ । ਇਸ ਕਿਤਾਬ ਵਿੱਚ ਮੈ ਸਮਾਜ ਵਿੱਚ ਫੈਲ ਰਹੀ ਜਾਤੀਵਾਦਕ ਨੀਚਤਾ ਬਾਰੇ ਲਿਖਾਗੀ । ਨਾਲ ਦੀ ਨਾਲ ਹਰ ਉਸ ਰਿਸ਼ਤੇ ਬਾਰੇ ਲਿਖਾਗੀ ਜਿਸਨੇ ਆਪਣੇ ਸਵਾਰਥ ਵਾਸਤੇ ਕਿਸੇ ਦੂਸਰੇ ਇਨਸਾਨ ਦੀਆ ਜੜ੍ਹਾਂ ਵੱਢਣ ਵੇਲੇ ਕਿੰਨੀ ਨੀਚਤਾ ਅਪਣਾਈ ਹੋਵੇਗੀ । ਇਸ ਕਿਤਾਬ ਨੂੰ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਲਿਖਾਗੀ ਲ ਇਸ ਕਿਤਾਬ ਨੂੰ ਲਿਖਣ ਲਈ ਮੈਨੂੰ ਬਹੁਤ ਰਿਸਰਚ ਕਰਨੀ ਪੈ ਰਹੀ ਹੈ । ਇਸ ਬਾਰੇ ਮੈ ਬਹੁਤਾ ਕੁੱਝ ਨਹੀਂ ਬੋਲਾਗੀ ਇਹ ਕਿਤਾਬ ਖੁਦ ਆਪ ਮੁਹਾਰੇ ਬੋਲੇਗੀ । ਇਹ ਕਿਤਾਬ ਭਾਰਤ ਵਿੱਚ ਜਾਤੀ ਅਧਾਰ ਉਤੇ ਹੋ ਰਹੇ ਵਿਤਕਰੇ,. ਅੱਤਿਆਚਾਰ, ਜ਼ੁਲਮ ਦੀ ਦਾਸਤਾ ਖੁਦ ਸੁਣਾਏਗੀ , ਬਸ ਤੁਸੀਂ ਪੜ੍ਹਨ ਵਾਲੇ ਬਣਿਓ । ਭਾਰਤ ਵਿੱਚ ਸਭ ਤੋ ਜ਼ਿਆਦਾ ਦਲਿਤਾਂ ਤੇ ਜ਼ੁਲਮ ਗੁਜਰਾਤ, ਰਾਜਸਥਾਨ ਅਤੇ ਉੱਤਰ ਪ੍ਰਦੇਸ਼, ਬਿਹਾਰ ਵਰਗੀਆਂ ਸਟੇਟਾਂ ਵਿਖੇ ਹੁੰਦਾ ਹੈ. .. ਜਿਥੇ ਗੇਂਦ ਨੂੰ ਹੱਥ ਲਗਾਉਣ ਤੇ ਦਲਿਤ ਦਾ ਅੰਗੂਠਾ ਵੱਢ ਦਿਤਾ ਜਾਂਦਾ ਹੈ, ਰਾਜਪੂਤਾਂ ਦੇ ਖੇਤਾਂ ਚੋਂ ਗੁਜ਼ਰਨ ਦੇ ਗੁਨਾਹ ਚ ਦਲਿਤਾਂ ਦੇ ਘਰਾਂ ਨੂੰ ਅੱਗ ਲਗਾ ਦਿਤੀ ਜਾਂਦੀ ਹੈ , ਘਰ ਚ ਵਿਆਹ ਦਾ ਮਹੌਲ ਹੋਣ ਤੇ ਦਬੰਗਾ ਵਲੋਂ ਡੀ. ਜੇ ਬੰਦ ਕਰਵਾ ਦਿਤੇ ਜਾਂਦੇ ਹਨ ਏਨਾ ਹੀ ਨਹੀਂ ਦਲਿਤਾਂ ਦਾ ਹੁੱਕਾ ਪਾਣੀ ਬੰਦ ਕਰ ਦਿਤਾ ਜਾਂਦਾ ਨਾਲ ਦੀ ਨਾਲ ਦੁਕਾਨਦ-ਾਰ ਦਲਿਤਾਂ ਨੂੰ ਰਾਸ਼ਨ ਤੱਕ ਨਹੀਂ ਦਿੰਦਾ ਤੇ ਜ਼ਿਲ੍ਹੇ ਦਾ ਕੋਈ ਬੰਦਾ ਦਲਿਤ ਨੂੰ ਪਾਣੀ ਦਾ ਘੁੱਟ ਤੱਕ ਨਹੀਂ ਦਿੰਦਾ, ਦਲਿਤ ਦੂਲ੍ਹੇ ਨੂੰ ਘੋੜੀ ਨਹੀਂ ਚੜਨ ਦਿਤਾ ਜਾਂਦਾ, ਦਲਿਤ ਉਤੇ ਪਿਸ਼ਾਬ ਕੀਤਾ ਜਾਂਦਾ , ਦਲਿਤ ਨੂੰ ਮੁੱਛ ਨਹੀਂ ਰੱਖਣ ਦਿਤੀ ਜਾਂਦੀ , ਦਲਿਤ ਦੇ ਬੱਚੇ ਸਕੂਲ ਚ ਮਿਡ ਦੇ ਮਿਲ ਬਾਕੀ ਬੱਚਿਆਂ ਨਾਲ ਬੈਠ ਕੇ ਨਹੀਂ ਖਾ ਸਕਦੇ ,,, ਸਕੂਲ ਚ ਪਾਣੀ ਦੀ ਟੂਟੀ ਘੜੇ ਨੂੰ ਹੱਥ ਨਹੀਂ ਲਗਾ ਸਕਦੇ ...! ਇਹੋ ਜਹੇ ਬਹੁਤ ਜ਼ੁਲਮ ਹੋ ਰਹੇ ਹਨ ਪਰ ਕੀ ਇਸ ਨਾਲ ਸਾਡੀ ਮਾਨਸਿਕਤਾ ਤੇ ਕੋਈ ਅਸਰ



ਹੋਇਆ .. ਮੈਨੂੰ ਨਹੀਂ ਲੱਗਦਾ ਕੋਈ ਅਸਰ ਹੋ ਰਿਹਾ ਤੁਹਾਡੇ ਉਤੇ ਕਿਉਕਿ ਤੁਸੀਂ ਲੋਕ ਵੀ ਇਹਨਾਂ ਲੋਕਾਂ ਤੋ ਨਫਰਤ ਕਰਦੇ ਪਏ ਹੋ ਲ ਜਦੋ ਇਹ ਲੋਕ ਯੂ ਪੀ , ਬਿਹਾਰ ਤੋ ਉੱਚੀਆਂ ਜਾਤੀਆਂ ਦੇ ਲੋਕਾਂ ਦੇ ਜ਼ੁਲਮਾਂ ਤੋ ਅੱਕ ਕੇ ਪੰਜਾਬ ਵੱਲ ਤੁਰ ਪੈਂਦੇ ਹਨ ਤਾਂ ਸਭ ਤੋ ਜ਼ਿਆਦਾ ਇਹਨਾਂ ਦਾ ਵਿਰੋਧ ਸਾਡੇ ਹੀ ਲੋਕ ਕਰਦੇ ਹਨ. ..ਭਇਆ ਸ਼ਬਦ ਵਰਤ ਕੇ ਲ ਕੀ ਇਹ ਲੋਕ ਚੰਗਾ ਜੀਵਨ ਨਹੀਂ ਡੀਜ਼ਰਵ ਕਰ ਸਕਦੇ? ਕੀ ਇਹਨਾਂ ਦੇ ਬੱਚੇ ਚੰਗੀ ਸ਼ਿਕ੍ਸ਼ਾ ਨਹੀਂ ਹਾਸਿਲ ਕਰਨ ਜੋਗੇ ? ਸਭ ਤੋ ਵੱਡਾ ਸਵਾਲ ਕੀ ਤੁਸੀਂ ਇਹਨਾਂ ਯੂ.ਪੀ . ,ਬਿਹਾਰ ਤੋ ਆਏ ਲੋਕਾਂ ਨੂੰ ਸ਼ਛ ,ਸ਼ਠ ,ਭਛ ਦਾ ਹਿੱਸਾ ਭਾਵ ਅਪਨਾ ਭਾਈਚਾਰਾ ਆਪਣੇ ਲੋਕ ਨਹੀਂ ਸਮਝਦੇ । ਅਰੇ ਅੰਬੇਡਕਰ ਨੇ ਇਹਨਾਂ ਲੋਕਾਂ ਲਈ ਵੀ ਬਰਾਬਰ ਲੜਾਈ ਲੜੀ ਹੈ ਇਹਨਾਂ ਨੂੰ ਵੀ ਭਾਰਤ ਦੇ ਕਿਸੇ ਵੀ ਕੋਨੇ,. ਜ਼ਿਲ੍ਹੇ ਚ ਜਾ ਕੇ ਵੱਸਣ ਤੇ ਕਮਾਈ ਕਰਨ ਦਾ ਅਧਿਕਾਰ ਪ੍ਰਾਪਤ ਹੈ , ਫਿਰ ਤੁਸੀਂ ਕੌਣ ਹੁੰਦੇ ਹੋ ਓਹਨਾ ਦਾ ਵਿਰੋਧ ਕਰਨ ਵਾਲੇ ਕੇ ਭਈਏ ਭਜਾਓ ਦਾ ਨਾਹਰਾ ਲਗਾਉਣ ਵਾਲੇ ਲ ਜੇਕਰ ਤੁਸੀਂ ਇਹਨਾਂ ਗਰੀਬ ਮਜਬੂਰ ਲੋਕਾਂ ਦਾ ਵਿਰੋਧ ਕਰਦੇ ਹੋ ਤਾਂ ਸਮਝੋ ਤੁਸੀਂ ਸੰਵਿਧਾਨ ਦਾ ਵਿਰੋਧ ਕਰ ਰਹੇ ਹੋ ਲ ਸਭ ਤੋ ਜ਼ਿਆਦਾ ਧੱਕਾ ਤੁਸੀਂ ਹੀ ਕਰ ਰਹੇ ਹੋ ਗੁਰਬਤ ਦੀ ਆੜ੍ਹ ਚ ਆਏ ਲੋਕਾਂ ਨਾਲ । ਸੱਚ ਤਾਂ ਇਹ ਹੈ ਕੇ ਸਾਡੇ ਲੋਕ ਕੰਮਚੋਰ ਹਨ ਤੇ ਯੂ.ਪੀ , ਬਿਹਾਰ ਦੇ ਲੋਕ ਮਿਹਨਤਕਸ਼ੀ ਹਨ । ਇਹ ਹਰ ਕੰਮ ਨੂੰ ਕਰਦੇ ਹਨ. ..ਸਾਡੇ ਵਾਲਿਆਂ ਵਾਂਗੂ ਕੰਮ ਨੂੰ ਦੇਖ ਕੇ ਝੂਰਦੇ ਜਾ ਕੰਮਚੋਰੀ ਨਹੀਂ ਕਰਦੇ । ਸਾਡੀਆਂ ਜਨਾਨੀਆਂ ਇਹਨਾਂ ਦੀਆ ਜਨਾਨੀਆਂ ਦਾ ਮੁਕਾ-ਬਲਾ ਨਹੀਂ ਕਰ ਸਕਦੀਆਂ. .. ਤੁਸੀਂ ਸਭ ਨੇ ਦੇਖਿਆ ਹੋਣਾ ਕੇ ਕਿਵੇਂ ਬੱਚੇ ਨੂੰ ਛਾਤੀ ਨਾਲ ਲਗਾ ਕੇ ਤੇ ਸਿਰਾਂ ਤੇ ਇੱਟਾਂ ਦਾ ਪਹਾੜ ਬਣਾ ਕੇ ਤਾਂ ਮਿਹਨਤ ਮਜ਼ਦੂਰੀ ਕਰਦੀਆਂ ਤਾਂ ਜੋ ਇਹਨਾਂ ਤੇ ਵਧੀਆ ਦਿਨ ਆ ਸਕਣ । ਹੋਰ ਤੇ ਹੋਰ ਇਹਨਾਂ ਦੇ ਨਿਆਣੇ ਪੜ੍ਹਾਈਆਂ ਚ ਅਵਲ ਆਉਂਦੇ ਹਨ ਲ ਅਸੀ ਅਕਸਰ ਰੌਲਾ ਪਾਉਂਦੇ ਹਣਾ ਕੇ ਭਇਆ ਨੇ ਪੰਜਾਬ ਚ ਆ ਕੇ ਅਪਨਾ ਰਾਜ ਕਰ ਲਿਆ ਤਾਂ ਇਕ ਗੱਲ ਦੱਸੋ. ..ਜਿਹੜੇ ਸਾਡੇ ਪੰਜਾਬੀ ਲੋਕ ਭਾਰਤ ਤੋ ਆ ਕੇ ਵਿਦੇਸ਼ਾਂ ਚ ਗੋਰਿਆਂ ਦੀਆ ਫੈਕਟਰੀਆ ਵਿੱਚ ਮੈਨੇਜਰ ਚੀਫ ਬਣ ਕੇ ਗੋਰਿਆਂ ਤੇ ਰੋਅਬ ਪਾਉਂਦੇ ਹਨ ਓਹਨਾ ਬਾਰੇ ਕੀ ਕਹੁਗੇ ?ਦੇਸ਼ ਤਾਂ ਗੋਰਿਆਂ ਦਾ ਹੀ ਹੈ ਤਾਂ ਗੋਰੇ ਤੁਹਾਡੇ ਹੇਠਾਂ ਕੰਮ ਕਿਉ ਕਰਨ ਫਿਰ ? ਤਾਹੀ ਪਿੱਛੇ ਜਹੇ ਮਨਚੀਸਟਰ ਨਾਮਕ ਜਗ੍ਹਾ ਤੇ ਗੋਰਿਆਂ ਨੇ ਕਿਹਾ ਸੀ ਕੇ ਭਾਰਤੀਆਂ ਨੂੰ ਬਾਹਰ ਕੱਢੋ, ਅਸੀਂ ਇਥੇ ਰਹਿਣ ਨਹੀਂ ਦੇਣੇ ਲ ਮੈ ਵੀ ਇਹੀ ਕਹਿੰਦੀ ਹਾਂ ਕੇ ਜੇਕਰ ਤੁਸੀਂ ਪ੍ਰਵਾਸੀਆਂ ਨੂੰ ਪੰਜਾਬ ਚੋਂ ਬਾਹਰ ਕਢਣ ਦੀ ਹਮਾਇਤੀ ਕਰਦੇ ਹੋ , ਪ੍ਰਵਾਸੀਆਂ ਦਾ ਵਿਰੋਧ ਕਰਦੇ ਹੋ ਤਾਂ ਫਿਰ ਮੈ ਵੀ ਗੋਰਿਆਂ ਨਾਲ ਰਲ ਕੇ ਪੰਜਾਬੀਆਂ ਨੂੰ ਇੰਗਲੈਂਡ , ਕਨੈਡਾ ਚੋਂ ਬਾਹਰ ਕਢਣ ਦੇ ਫੈਸਲੇ ਨਾਲ ਸਹਿਮਤੀ ਪ੍ਰਗਟ ਕਰਦੀ ਹਾਂ ਕਿਉਕਿ ਅਸੀ ਵੀ ਇਹਨਾਂ ਦੇ ਦੇਸ਼ ਚ ਪ੍ਰਵਾਸੀ ਭਈਆਂ ਸਮਾਨ ਹੀ ਹਾਂ ।

**ਜੈ ਭੀਮ ਨਮੋ ਬੁਧਾਏ**
**(ਨੀਚਤਾ ਦੀ ਜੜ੍ਹ ਕਿਤਾਬ ਵਿੱਚੋ )**
**(Author-ਪ੍ਰਿਆ ਅੰਬੇਡਕਰ )**

# ਸੁਸ਼ੀਲ ਦੁਸਾਂਝ ਦੀ ਮਾਤਾ ਦਾ ਸੇਜਲ ਅੱਖਾਂ ਨਾਲ ਕੀਤਾ ਅੰਤਮ ਸਸਕਾਰ

**ਦੁਸਾਂਝ ਕਲਾਂ ( ਚਰਨਜੀਤ ਸੱਲ੍ਹਾ)** ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ, ਸਾਹਿਤਕ ਰਸਾਲਾ "ਹੁਣ" ਦੇ ਸੰਪਾਦਕ ਅਤੇ ਪ੍ਰਮੁੱਖ ਗ਼ਜ਼ਲਗੋ ਸ਼ੁਸ਼ੀਲ ਦੁਸਾਂਝ ਦੇ ਸਤਿਕਾਰਯੋਗ ਮਾਤਾ ਜੀ ਸ੍ਰੀਮਤੀ ਰਕਸ਼ਾਂ ਦੇਵੀ ਦੀ (ਉਮਰ 91 ਸਾਲ) ਜੋ ਕਿ ਕੁੱਝ ਸਮੇਂ ਤੋਂ ਬਿਮਾਰ ਰਹਿਣ ਕਾਰਨ ਮਿਤੀ 27 ਦਸੰਬਰ ਦਿਨ ਸ਼ੁੱਕਰਵਾਰ 2024 ਦੀ ਕਰੀਬ ਸਵੇਰੇ ਆਪਣੇ ਸਵਾਸਾਂ ਦੀ ਪੂਜੀ ਨੂੰ ਭੋਗਦੇ ਹੋਏ, ਗੁਰੂ ਚਰਨਾਂ ਵਿੱਚ ਜਾ ਵਰਾਜੇ ਹਨ। ਬੀਤੇ ਦਿਨ ਉਨ੍ਹਾਂ ਦਾ ਪਿੰਡ ਦੁਸਾਂਝ ਕਲਾਂ ਵਿਖੇ ਸੰਸਕਾਰ ਕਰ ਦਿੱਤਾ ਗਿਆ ਹੈ।

ਮਾਤਾ ਜੀ ਨੂੰ ਅਕੀਦਤ ਦੇ



ਫੁੱਲ ਭੇਟ ਕਰਨ ਵਾਸਤੇ ਆਰ .ਐਮ .ਪੀ .ਆਈ ਦੇ ਕੌਮੀ ਜਨਰਲ ਸਕੱਤਰ ਮੰਗਤ ਰਾਮ ਪਾਸਲਾ, ਸੰਗਰਾਮੀ ਲਹਿਰ ਦੇ ਮੈਨੇਜਰ ਗੁਰਦਸਨ ਬੀਕਾ, ਐਚ. ਐਸ .ਬਸਰਾ, ਆਰ .ਐਮ . ਪੀ .ਆਈ ਦੇ ਤਹਿਸੀਲ ਸਕੱਤਰ ਡਾ. ਸਰਬਜੀਤ ਸਿੰਘ ਮੁਠੱਡਾ, ਸਾਬਕਾ ਪੀ .ਪੀ .ਐਸ ਵਿਲੀਅਮ ਜੇਜੀ , ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੱਤਰਕਾਰੀ ਵਿਭਾਗ ਦੇ ਸਾਬਕਾ ਹੈਡ ਡਾ .ਹੈਪੀ ਜੇਜੀ, ਸਰਪੰਚ ਨਿਰਮਲ ਕੁਮਾਰ ਨਵੀਂ, ਗਿਆਨ ਸਿੰਘ ਦੁਸਾਂਝ, ਬਲਵੀਰ ਸਿੰਘ, ਰਾਮ ਨਾਥ ਸਾਬਕਾ ਪੰਚ, ਮਾਂ ਮਲਕੀਤ ਸਿੰਘ ਆਦਿ ਅਤੇ ਮੁਕਾਮੀ ਆਗੂਆ ਤੋ ਬਿਨ੍ਹਾਂ ਪੰਜਾਬੀ ਸਾਹਿਤ ਸਭਾ ਦੁਸਾਂਝ ਕਲਾਂ ਦੇ ਆਹੁਦੇਦਾਰ ਹਾਜ਼ਰ ਸਨ।ਮਾਤਾ ਜੀ ਦੀ ਨਮਿੱਤ ਅੰਤਿਮ ਅਰਦਾਸ / ਕਿਰਿਆ 6 ਜਨਵਰੀ ਨੂੰ ਗੁਰਦੁਆਰਾ ਸ਼ਹੀਦਾਂ ਸਿੰਘਾਂ ਪਿੰਡ ਦੁਸਾਂਝ ਕਲਾਂ ਵਿਖੇ ਹੋਵੇਂਗੀ।

for more news visit:
www.samajweekly.com

## ਅਲਵਿਦਾ

ਆਓ ਵੀਹ ਸੌ ਚੌਵੀ ਸਾਲ ਨੂੰ ,
ਅਲਵਿਦਾ ਕਹਿ ਕੇ ਆਈਏ ।
ਕੀ ਚੰਗਾ ਅਤੇ ਕੀ ਮਾੜਾ ਸੀ ,
ਬਹਿ ਕੇ ਹਿਸਾਬ ਲਗਾਈਏ ।
ਰਹੀਆਂ ਕਮੀਆਂ ਪੇਸ਼ੀਆਂ ਦਾ ,
ਲੇਖਾ ਜੋਖਾ ਵੀ ਕਰ ਲਈਏ ;
ਬੀਤੇ ਕੋਲ਼ੋਂ ਸਿੱਖਿਆ ਲਈਏ ,
ਨਵੇਂ ਦੀ ਬਣਤ ਬਣਾਈਏ ।

### ਖ਼ੁਸ਼ ਆਮਦੀਦ



ਸਾਰੀ ਦੁਨੀਆਂ ਨਵੇਂ ਸਾਲ ਨੂੰ ,
ਜੀ ਆਇਆਂ ਨੂੰ ਕਹਿੰਦੀ ਹੈ ।
ਪਰ ਬਹੁਗਿਣਤੀ ਚੰਗੇ ਦਿਨਾਂ ਨੂੰ ,
ਸਦਾ ਉਡੀਕਦੀ ਰਹਿੰਦੀ ਹੈ ।
ਜਿਵੇਂ ਪੁਰਾਣੇ ਪੱਤਿਆਂ ਦੀ ਥਾਂ ,
ਨਵਿਆਂ ਨੇ ਲੈ ਲੈਣੀ ਹੁੰਦੀ ,
ਓਵੇਂ ਜੱਗ 'ਤੇ ਕੋਈ ਚੀਜ਼ ਨਾ ,
ਸਦਾ ਸਦਾ ਲਈ ਰਹਿੰਦੀ ਹੈ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ ।**
9914836037

## ਸਾਲ ਨਵਾਂ/ਕਵਿਤਾ

ਅਮੀਰ-ਗਰੀਬ ਵਿੱਚ ਪਾੜਾ ਘਟਾਏ ਸਾਲ ਨਵਾਂ,
ਹਰ ਘਰ ਖੁਸ਼ੀਆਂ ਲੈ ਕੇ ਆਏ ਸਾਲ ਨਵਾਂ।
ਪਿਛਲੇ ਸਾਲ ਬਥੇਰਾ ਤੰਗ ਕੀਤਾ ਹੈ ਮਹਿੰਗਾਈ ਨੇ,
ਇਸ ਚੰਦਰੀ ਤੋਂ ਛੁਟਕਾਰਾ ਦੁਆਏ ਸਾਲ ਨਵਾਂ।
ਧਰਮਾਂ ਤੇ ਜ਼ਾਤਾਂ ਦੇ ਨਾਂ ਤੇ ਜੋ ਲੜਾਂਦੇ ਲੋਕਾਂ ਨੂੰ,
ਉਨ੍ਹਾਂ ਨੂੰ ਸਿੱਧਾ ਰਸਤਾ ਦਿਖਾਏ ਸਾਲ ਨਵਾਂ।
ਆਪਣੇ ਤੇ ਹੀ ਕਰੋੜਾਂ ਖਰਚਣ ਵਾਲਿਆਂ ਨੂੰ,
ਗਰੀਬਾਂ ਦੀਆਂ ਝੁੱਗੀਆਂ ਦਿਖਾਏ ਸਾਲ ਨਵਾਂ।
ਪਹਿਲਾਂ ਉਨ੍ਹਾਂ ਦੀ ਇੱਜ਼ਤ ਮਿੱਟੀ 'ਚ ਰੁਲੀ ਹੈ,
ਹੁਣ ਧੀਆਂ-ਭੈਣਾਂ ਦੀ ਇੱਜ਼ਤ ਬਚਾਏ ਸਾਲ ਨਵਾਂ।
ਜਿਹੜੇ ਜਨਤਾ ਨੂੰ ਬਿਲਕੁਲ ਟਿੱਚ ਸਮਝਦੇ ਨੇ,
ਉਨ੍ਹਾਂ 'ਚ ਅਕਲ ਦੇ ਦੀਪ ਜਗਾਏ ਸਾਲ ਨਵਾਂ।
ਪਿਛਲੇ ਸਾਲ ਜੋ ਭੁੱਲ ਗਏ ਸਨ ਪਿਆਰ ਕਰਨਾ,
ਉਨ੍ਹਾਂ ਨੂੰ ਪਿਆਰ ਕਰਨਾ ਸਿਖਾਏ ਸਾਲ ਨਵਾਂ।
ਵੱਡਿਆਂ ਦਾ ਨਿਰਾਦਰ ਕਰਨ ਵਾਲਿਆਂ ਨੂੰ,
ਉਨ੍ਹਾਂ ਦਾ ਆਦਰ ਕਰਨਾ ਸਿਖਾਏ ਸਾਲ ਨਵਾਂ।
'ਮਾਨ'ਸੁਸਤੀ ਨਾ ਅੱਗੇ ਵਧਣ ਦੇਵੇ ਬੰਦੇ ਨੂੰ,
ਸਭ ਦੀ ਸੁਸਤੀ ਦੂਰ ਭਜਾਏ ਸਾਲ ਨਵਾਂ।



**ਮਹਿੰਦਰ ਸਿੰਘ ਮਾਨ**
**ਫੋਨ** 9915803554

## " ਨਵਾਂ ਸਾਲ "

ਨਵੇਂ ਸਾਲਾਂ ਨਵੇਂ ਤੂੰ ਖ਼ੁਆਬ ਲੈਕੇ ਆਵੀਂ,
ਖੁਆਬਾਂ ਵਾਲਾ, ਰੰਗਲਾ ਪੰਜਾਬ ਲੈਕੇ ਆਵੀਂ।
ਸਭਨਾਂ ਦੇ ਚੁੱਲਿਆਂ ਪੱਕੇ ਰੋਜ਼ ਰੋਟੀ, ਇੱਥੇ
ਰੋਜ਼ੀ ਰੋਟੀ ਨਾਲ਼, ਬੇ-ਹਿਸਾਬ ਲੈਕੇ ਆਵੀਂ।
ਫੁੱਟਪਾਥਾਂ ਉੱਤੇ, ਜਿਹੜੇ ਸੌਂਦੇ, ਬਿਨ੍ਹਾਂ ਘਰਾਂ ਤੋਂ,
ਉਹਨਾਂ ਸਿਰ ਸੱਤ, ਤੇ ਮਕਾਨ ਲੈਕੇ ਆਵੀਂ।
ਭੱਠਿਆਂ ਤੇ ਖੇਤਾਂ ਵਿੱਚ, ਰੁਲਦੇ ਜੋ ਰੋਜ਼ੀ ਲਈ,
ਉਹਨਾਂ ਲਈ ਕੰਮ ਦੇ-ਮੁਕਾਮ, ਲੈਕੇ ਆਵੀਂ।
ਆਸ਼ਰਮਾਂ, ਘਰਾਂ, ਵਿੱਚ ਰੁਲਦੇ ਜੋ ਮਾਪੇ, ਇੱਥੇ
ਉਹਨਾਂ ਦਿਆਂ, ਨਸੀਬਾਂ 'ਚੁ, ਅਰਾਮ ਲੈਕੇ ਆਵੀਂ।
ਪੜ੍ਹ ਲਿਖ ਜਿਹੜੇ,ਬੇ-ਰੁਜ਼ਗਾਰ, ਇੱਥੇ ਫਿਰਦੇ,
ਉਹਨਾਂ ਲਈ, ਨਵਾਂ, ਰੁਜ਼ਗਾਰ, ਲੈਕੇ ਆਵੀਂ।
ਕੋਟ ਤੇ ਕਚਿਹਰੀਆਂ 'ਚੁ, ਸੱਚੇ ਖਾਣ ਧੱਕੇ,ਇੱਥੇ ,
ਉਹਨਾਂ ਲਈ,ਸੱਚਾ ਇਨਸਾਫ਼ ਲੈਕੇ, ਆਵੀਂ।
ਦਸਾਂ ਨੌਹਾਂ ਵਾਲੀ ਜੋ, ਕਿਰਤ ਰੋਜ਼ ਕਰਦੇ,
ਉਹਨਾਂ ਲਈ ਨਵੇਂ, ਤੂੰ, ਮੁਕਾਮ ਲੈਕੇ ਆਵੀਂ।
ਭੈਣ ਭਾਈਆਂ ਵਿੱਚ ਨਾ ਪਿਆਰ ਕਦੇ ਮੁੱਕੇ,
ਐਸੀ ਲਈ, ਤੂੰ,ਸੁਭਾ-ਸ਼ਾਮ, ਲੈਕੇ ਆਵੀਂ।
ਨਸ਼ਿਆਂ ਤੋਂ ਸੁੱਟ ਜਾਵੇ, ਖਹਿੜਾ ਜੇ ਪੰਜਾਬ,
ਐਸਾ ਕੋਈ ਨਵਾਂ, ਇਨਕਲਾਬ ਲੈਕੇ ਆਵੀਂ।
ਰੋਜ਼ੀ ਰੋਟੀ, ਮਿਲਜੇ ਪੰਜਾਬ ਵਿੱਚ ਸਭ ਨੂੰ,
ਰੰਗਲੀ ਤੂੰ, ਹਰ ਸੁਭਾ-ਸਾਮ, ਲੈਕੇ ਆਵੀਂ।
ਰੋਜ਼ੀ ਰੋਟੀ,ਖਾਤਰ ਨਾ ਭੈਣ ਭਾਈ ਦੂਰ ਹੋਣ,
ਸਭਨਾਂ ਕੰਮਾਂ ਦੇ ,ਮੁਕਾਮ ਲੈਕੇ ਆਵੀਂ ।
ਪਿੰਡਾਂ ਦੀਆਂ ਸੱਥਾਂ ਵਿੱਚ, ਰੌਣਕਾਂ ਤੇ ਮੇਲੇ ਹੋਣ,
ਕੱਚੇ ਥਾਵੇਂ,ਪੱਕੇ ਤੂੰ, ਮਕਾਨ, ਲੈਕੇ ਆਵੀਂ ।
ਧੀਆਂ ਪੁੱਤ, ਸਾਰਿਆਂ ਦੇ ਪੜ੍ਹ ਲਿਖ ਜਾਣ, ਇੱਥੇ,
ਉਹਨਾਂ, ਲਈ, ਵੱਡੇ ਤੂੰ, ਮੁਕਾਮ, ਲੈਕੇ,ਆਵੀਂ।
ਧਰਮਾਂ ਤੇ ਮਜਬ੍ਹਾਂ ਦੇ ਪਾੜੇ ਮੁੱਕ ਜਾਣ, ਇੱਥੋਂ,
ਸੱਚਾ -ਸੁੱਚਾ, ਸਾਂਝਾਂ, ਤੂੰ,ਮੁਕਾਮ ,ਲੈਕੇ ਆਵੀਂ।
ਨਸ਼ਿਆਂ ਦੀ ਭੇਟ ਜਿਹੜੇ, ਚੜ੍ਹਦੇ ਨੇ ਗੱਭਰੂ,
ਨਸ਼ਿਆਂ ਦਾ, ਨਵਾਂ, ਇੰਤਜ਼ਾਮ, ਲੈਕੇ,ਆਂਵੀਂ।
ਹਰ ਘਰ ਵਿੱਚ ਰੋਜ਼,ਹੋਣ ਸਦਾ ਖ਼ੁਸ਼ੀਆਂ,
ਖ਼ੁਸ਼ੀਆਂ ਦਾ ਨਵਾਂ, ਤੂੰ ਸਮਾਨ ਲੈਕੇ ਆਵੀਂ।
ਲੀਡਰਾਂ ਦੀ ਮਾਰ ਕੋਲੋਂ,ਵਚੇ ਆਮ ਬੰਦਾ ਇੱਥੇ,
ਐਸਾ ਕੋਈ ਨਵਾਂ, ਇੰਤਜ਼ਾਮ, ਲੈਕੇ, ਆਵੀਂ।
ਬਾਬਿਆਂ ਦੇ ਕਹਿਰਾਂ ਕੋਲੋਂ,ਬਚੇ ਆਮ ਜਨਤਾ,
ਕਾਨੂੰਨ ਵਾਲਾ ਐਸਾ, ਇੰਤਜ਼ਾਮ ਲੈਕੇ ਆਵੀਂ।
ਕਿਰਤੀ ਤੇ ਕਾਮਿਆਂ ਦੀ ਲੁੱਟ ਨੂੰ ਵਚਾਈ, ਇੱਥੇ,
ਸੱਚਾ - ਸੁੱਚਾ ਐਸਾ ਇੰਤਜ਼ਾਮ, ਲੈਕੇ ਆਵੀਂ।
ਸੰਦੀਪ ਜਿਹੇ ਨਿਮਾਣਿਆਂ ਤੇ ਮਿਹਰ,ਕੁਝ ਕਰਦੇ,
ਸੱਚਾ - ਸੁੱਚਾ ਰੱਬ ਦਾ ਪੈਗਾਮ ਲੈਕੇ ਆਵੀਂ।
ਧੀਆਂ ਪੁੱਤ ਸਾਰਿਆਂ ਦੇ ਰਹਿਣ ਸਦਾ ਵਸਦੇ,
ਸਾਰਿਆਂ ਲਈ, ਖੁਸ਼ੀ,ਦਾ ਪੈਗ਼ਾਮ ਲੈਕੇ ਆਵੀਂ।



**ਸੰਦੀਪ ਸਿੰਘ 'ਬਖੋਪੀਰ'**
**ਸੰਪਰਕ :-9815321018**

## ਨਵੇਂ ਸਾਲ 2025 ਲਈ

*ਨਵੇਂ ਸਾਲ ਦੇ ਚੜਦੇ ਸੂਰਜਾ*
*ਲਿਆਵੀਂ ਕੋਈ ਐਸਾ ਸੁਨੇਹਾ*
*ਤੰਦਰੁਸਤੀਆਂ ਮਾਣੇ ਕੁੱਲ ਲੋਕਾਈ*
*ਘਰ-ਘਰ ਚੋਂ ਆਵੇ ਸੁੱਖ ਸੁਨੇਹਾ ।*
*ਭੁੱਖੇ ਨੂੰ ਰੋਟੀ ਮਿਲੇ, ਪਿਆਸੇ ਤਾਈਂ ਨੀਰ*
*ਭੁੱਖਮਰੀ ਦਾ ਨਾਂ ਫਸੇ, ਕਿਸੇ ਗਲ਼ ਕਸੀਰ।*
*ਕਿਰਤੀ ਦੀ ਤੂੰ ਕਿਰਤ ਵਧਾਵੇਂ, ਵਧੇ*
*ਹਾਲ਼ੀ ਦਾ ਅੰਨ ਅੰਬਾਰ*
*ਮਿਹਨਤ ਦਾ ਪਵੇ ਮੁੱਲ ਚੋਖਾ*
*ਸੁਖੀ ਹੋਵੇ ਇਹ ਕੁੱਲ ਸੰਸਾਰ।*
*ਵਿੱਚ ਪ੍ਰਦੇਸੀਂ ਸੁਖੀ ਵਸਣ ਪੁੱਤ ਤੇ ਧੀਆਂ*
*ਚੂੜੇ ਵਾਲੀ ਦਾ ਵਸੇ ਸੁਹਾਗ*
*ਭਰੀਂ ਝੋਲ਼ੀਆਂ ਸਭ ਦੀਆਂ ਤੂੰ ਹੀ*
*ਲੇਖਾਂ ਨੂੰ ਜਿਉਂ ਲੱਗਣ ਭਾਗ।*
*ਇੱਕ ਸੁਨੇਹਾ ਦੇਈਂ ਮੁਹੱਬਤਾਂ ਦਾ*
*ਨਾਂ ਕਿਸੇ ਨਾਲ ਹੋਵੇ ਵਿਰੋਧ ਤੇ ਵੈਰ*
*ਇਨਸਾਨੀ ਰੰਗ ਵਿਚ ਸਾਰੇ ਰੰਗੇ ਜਾਵਣ*
*ਮੰਗਣ ਇੱਕ ਦੂਜੇ ਦੀ ਖੈਰ।*
*ਇੱਕ ਸੁਨੇਹਾਂ ਫਿਰ ਤੋਂ ਲਿਆਈਂ ਉਸ ਬਾਬੇ ਦਾ*
*ਜਿਹਨੇ ਪਵਣੁ ਸਾਡੀ ਨੂੰ ਕਿਹਾ ਸੀ ਪਵਿੱਤਰ*
*ਆਉ ਪਾਣੀ ਨੂੰ ਅਸਲ ਚ ਮੰਨ ਕੇ ਪਿਤਾ*
*ਧਰਤੀ ਮਾ ਬਣਾਈਏ ਬਚਿੱਤਰ।*
*ਵਿੱਦਿਆ ਸਦਾ ਰਹੇ ਨੇੜੇ ਨਿਮਾਣਿਆਂ ਦੇ*
*ਹਰ ਬੱਚਾ ਬਣੇ ਹੁਸ਼ਿਆਰ*
*ਵੇਚਣ ਵੱਟਣ ਵਾਲੇ ਇਸ ਨੂੰ*
*ਖਾਂਦੇ ਰਹਿਣ ਲੋਕਾਈ ਦੀ ਸਦਾ ਫਿਟਕਾਰ।*
*ਬਲਵੀਰ ਕਹੇ ਆਉ ਸਦਾ ਜਾਣੀਏ*
*ਲੋਕਾਚਾਰੀ ਦਾ ਇਹ ਵਿਵਹਾਰ*
*ਪੜੀਏ-ਗੁਣੀਏ ਤੇ ਗੋਸਟਿ ਕਰੀਏ*
*ਬਾਸੀਆਂ ਦੀ ਸੱਥ ਦੇ ਵਿਚਕਾਰ*
*ਬਾਸੀਆਂ ਦੀ,,,,,,,,,,,,,,,,,,,*
ਜਿੰਦਗੀ ਜਿੰਦਾਬਾਦ



**ਬਲਵੀਰ ਸਿੰਘ ਬਾਸੀਆਂ**



# ਸਿੱਖ ਇਤਿਹਾਸ: ਸ੍ਰੀ ਗੁਰੂ ਨਾਨਕ ਦੇਵ ਜੀ

ਜੌੜਨ ਲਈ ਪਿਛਲਾ ਅੰਕ ਦੇਖੋ

ਜਦੋਂ ਕੋਈ ਆਦਮੀ ਉਨ੍ਹਾਂ ਨੂੰ ਇਹ ਕਹਿੰਦਾ ਕਿ ਉਨ੍ਹਾਂ ਦੀਆਂ ਆਪਣੀਆਂ ਵਧੀਕੀਆਂਦੇ ਕਾਰਨ ਹੀ ਉਨ੍ਹਾਂ ਦਾ ਇਹ ਹਾਲ ਹੋਇਆ ਹੈ ਤਾਂ ਅੱਗੋਂ ਉਹ ਕਹਿੰਦ ਸਨੇ ਕਿ ਇਹ ਸਭ ਕੁਝ ਅਕਾਲਪੁਰਖ ਦੀ ਰਜ਼ਾ ਨਾਲ ਹੀ ਹੋ ਰਿਹਾ ਹੈ।ਜਦੋਂ ਕੋਈ ਉਨ੍ਹਾਂ ਨੂੰ ਇਹ ਕਹਿੰਦਾ ਕਿ ਹੁਣ ਤੁਹਾਨੂੰ ਮਾਰ ਦਿੱਤਾ ਜਵੇਗਾ ਤਾਂ ਅੱਗੋਂ ਉਹ ਕਹਿੰਦੇ ਸਨ ਕਿ ਅਸੀਂ ਮੌਤ ਤੋਂ ਨਹੀਂ ਡਰਦੇ ਬੇਸ਼ਕ ਮਾਰ ਦਿਉ ਜੇ ਅਸੀਂ ਡਰਦੇ ਹੁੰਦੇ ਤਾਂ ਇੰਨੀਆਂ ਲੜਾਈਆਂ ਕਿਵੇਂ ਕਰਦੇ ਅਸੀਂ ਸਿਰਫ਼ ਭੁੱਖ ਅਤੇ ਤੰਗੀ ਕਰਕੇ ਤੁਹਾਡੇ ਹੱਥ ਵਿਚ ਆ ਗਏ ਨਹੀਂ ਤਾਂ ਤੁਹਾਨੂੰ ਪਤਾ ਹੀ ਹੈ ਕਿ ਅਸੀਂ ਬਹਾਦਰੀ ਦੇ ਕਿਹੋ ਜਿਹੇ ਕਾਰਨਾਮੇ ਕਰਨ ਵਿਚ ਸਮਰਥ ਹਾਂ।ਸ਼ਾਹੀ ਕਿਲੇ ਵਿਚ ਇਸ ਕਾਫ਼ਲੇ ਦੇ ਪਹੁੰਚਣ ਤੇ ਬੰਦਾ ਸਿੰਘ ਬਾਜ ਸਿੰਘ,ਭਾਈ ਫਤਹਿ ਸਿੰਘ ਅਤੇ ਕੁਝ ਹੋਰ ਆਗੂ ਮੀਰ ਆਤਿਸ਼ ਅਤੇ ਇਬਰਾਹੀਮ-ਉਦ-ਦੀਨ ਖਾਂ ਦੇ ਹਵਾਲੇ ਕਰ ਦਿੱਤੇ ਗਏ ਤਾਂਕਿ ਉਨ੍ਹਾਂ ਨੂੰ ਤ੍ਰਿਪੋਲੀਆਂ ਵਿਚ ਕੈਦ ਕਰਕੇ ਰੱਖਿਆਂ ਜਾਵੇ।ਬੰਦਾ ਸਿੰਘ ਦੀ ਪਤਨੀ ਤਿੰਨ ਸਾਲ ਦੇ ਬੱਚੇ ਅਤੇ ਦਾਈ ਨੂੰ ਲਿਜਾਕੇ ਹਰਮ ਵਿਚ ਬੰਦ ਕਰ ਦਿੱਤਾ।ਬਾਕੀ ਦੇ ਸਿੱਖਾ ਨੂੰ ਕਤਲ ਕਰਨ ਵਾਸਤੇ ਸਰਬਰਾਹ ਖਾਂ ਕੋਤਵਾਲ ਦੇ ਸਪੁਰਦ ਕਰ ਦਿੱਤਾ ਗਿਆ।ਹੱਤਿਆ ਕਾਂਡ 5 ਮਾਰਚ 1716 ਨੂੰ ਕੋਤਵਾਲੀ ਦੇ ਸਾਹਮਣੇ ਵਾਲੇ ਚਬੂਤਰੇ ਤੇ ਸ਼ੁਰੂ ਕੀਤਾ ਗਿਆ ਹਰ ਰੋਜ 100 ਸਿਖਾਂ ਨੂੰ ਕਤਲ ਕੀਤਾ ਜਾਂਦਾ ਸੀ । ਜਿਹੜਾ ਵੀ ਆਦਮੀ ਆਪਣਾ ਧਰਮ ਛੱਡਕੇ ਮੁਸਲਮਾਨ ਬਣਨ ਨੂੰ ਤਿਆਰ ਹੋ ਜਾਂਦਾ ਸੀ ਉਸਦੀ ਜਾਨ ਬਕਸ਼ੀ ਦਾ ਵਾਅਦਾ ਕੀਤਾ ਜਾਂਦਾ ਸੀ ਪਰ ਸਰਮਨ ਅਤੇ ਸਟੀਫਨਸਨ ਦੇ ਕਥਨ ਅਨੁਸਾਰ ਇਕ ਵੀ ਸਿੱਖ ਆਪਣੇ ਧਰਮ ਨੂੰ ਛੱਡਣ ਵਾਸਤੇ ਤਿਆਰ ਨਾ ਹੋਇਆ।ਇਨ੍ਹਾਂ ਸਿੱਖਾ ਵਿਚ ਇਕ ਨੌਜਵਾਨ ਜਿਸਦਾ ਨਵਾਂ ਨਵਾਂ ਵਿਆਹ ਹੋਇਆ ਸੀ ਉਸਦੀ ਵਿਧਵਾ ਮਾਂ ਨੇ ਬਾਦਸ਼ਾਹ ਦੀ ਪੇਸ਼ਕਸ਼ ਦਾ ਲਾਭ ਉਠਾਂਉਣਾ ਚਾਹਿਆ ਅਤੇ ਬੇਨਤੀ ਕੀਤੀ ਕਿ ਉਸਦਾ ਪੁੱਤਰ ਸਿੱਖ ਨਹੀਂ ਅਤੇ ਸਿਰਫ਼ ਬੰਦਾ ਸਿੰਘ ਬਹਾਦਰ ਦੀਆਂ ਫੌਜਾਂ ਵਿਚ ਇਕ ਕੈਦੀ ਸੀ ।ਉਸਦੀਆਂ ਮਿੰਨਤਾਂ ਅਤੇ ਤਰਲਿਆਂ ਨੇ ਬਾਦਸ਼ਾਹ ਦਾ ਦਿਲ ਹਿਲਾ ਦਿੱਤਾ ਅਤੇ ਹੁਕਮ ਕੀਤਾ ਕਿ ਉਸ ਨੌਜਵਾਨ ਨੂੰ ਛੱਡ ਦਿੱਤਾ ਜਾਵੇ ਆਪਣੇ ਪੁੱਤਰ ਲਈ ਮੁਆਫ਼ੀ ਦਾ ਹੁਕਮ ਲੈਕੇ ਉਸ ਨੌਜਵਾਨ ਦੀ ਮਾਂ ਕੋਤਵਾਲ ਪਾਸ ਪਹੁੰਚੀ ਅਤੇ ਕੋਤਵਾਲ ਨੂੰ ਜਦੋਂ ਆਪਣੇ ਪੁੱਤਰ ਦੀ ਰਿਹਾਈ ਬਾਰ ਦੱਸਿਆ ਤਾਂ ਮੁੰਡੇ ਨੇ ਇਸ ਤਰ੍ਹਾਂ ਰਿਹਾਈ ਹੋਣ ਤੋਂ ਇਨਕਾਰ ਕਰਦੇ ਹੋਏ ਕਿਹਾ ਕਿ,” ਮੇਰੀ ਮਾਂ ਝੂਠ ਬੋਲਦੀ ਹੈ ਮੈਂ ਤਨੋ ਮਨੋ ਸਿੱਖ ਹਾਂ ਅਤੇ ਗੁਰੂ ਦਾ ਨਿਸ਼ਚੈਵਾਨ ਅਤੇ ਸ਼ਰਧਾਲੂ ਹਾਂ ਮੈਨੂੰ ਛੇਤੀ ਹੀ ਆਪਣੇ ਸਾਥੀਆਂ ਦੇ ਪਿੱਛੇ ਤੋਰ ਦਿੱਤਾ ਜਾਵੇ। ” ਉਹ ਫਾਂਸੀ ਲੱਗਣ ਦੀ ਥਾਂ ਤੇ ਦੌੜਿਆ ਅਤੇ ਉਸਦਾ ਵੀ ਸਿਰ ਕੱਟ ਦਿੱਤਾ ਗਿਆ। ਅਲੋਚਕ ਭਾਵੇਂ ਉਹ ਭਾਰਤੀ ਸਨ ਜਾਂ ਯੂਰੋਪੀਅਨ ਸਨ ਸਭਨੇ ਇੱਕੋ ਗੱਲ ਹੀ ਕਹੀ ਸੀ ਕਿ ਸਿੱਖਾਂ ਨੇ ਆਪਣੀ ਤਕਦੀਰ ਨੂੰ ਇਕ ਅਨੂਠੇ ਸਬਰ ਅਤੇ ਦ੍ਰਿੜਤਾ ਨਾਲ ਝੱਲਿਆ ਅਤੇ ਆਪਣੇ ਲੀਡਰ ਬੰਦਾ ਸਿੰਘ ਬਹਾਦਰ ਪਰਤੀ ਉਨ੍ਹਾਂ ਦੀ ਲਗਨ ਅਤੇ ਸ਼ਰਧਾ ਬੜੀ ਅਦਭੁਤ ਸੀ । ਅਤੇ ਉਹ ਮੌਤ ਤੋਂ ਕਦੇ ਵੀ ਨਹੀਂ ਸਨ ਡਰੇ ,ਬਲਕਿ ਉਹ ਤਾਂ ਜੱਲਾਦ ਨੂੰ ਮੁਕਤੀ ਦਾਤਾ ਕਹਿੰਦੇ ਸਨ। ਅਤੇ ਬੜੀ ਖੁਸ਼ੀ ਨਾਲ ਜੱਲਾਦ ਨੂੰ ਕਹਿੰਦੇ ਸਨ ਉਏ ਮੁਕਤੀਦਾਤਾ ਪਹਿਲਾਂ ਮੈਨੂੰ ਮਾਰ।ਸੀਅਰ-ਉਲ-ਮੁਤਾਖਰੀਨ ਦਾ ਕਰਤਾ ਕਹਿੰਦਾ ਹੈ ਕਿ ਸਿੱਖਾਂ ਬਾਰੇ ਵਿਸ਼ੇਸ ਗੱਲ ਇਹ ਸੀ ਕਿ ਇਹ ਲੋਕ ਸ਼ਹੀਦੀ ਸਮੇਂ ਨਾ ਸਿਰਫ਼ ਦ੍ਰਿੜਤਾ ਦਾ ਪ੍ਰਗਟਾਵਾ ਹੀ ਕਰਦੇ ਸਨ ਸਗੋਂ ਹਰ ਕੋਈ ਇਕ ਦੂਜੇ ਨਾਲ ਇਸ ਗੱਲ ਦਾ ਝਗੜਾ ਕਰਦਾ ਸੀ ਕਿ ਮਰਨ ਵਿਚ ਪਹਿਲ ਉਸਨੂੰ ਮਿਲਣੀ ਚਾਹੀਦੀ ਹੈ। ਸਾਰਾ ਹਫਤਾ ਇਹੀ ਸਿਲਸਿਲਾ ਜਾਰੀ ਰਿਹਾ ਜਦੋਂ ਤੱਕ ਸਾਰੇ ਕੈਦੀਆਂ ਦੇ ਸਿਰ ਨਹੀਂ ਕਟ ਦਿੱਤੇ ਗਏ ।ਰਾਤ ਦੇ ਸਮੇਂ ਉਨ੍ਹਾਂ ਦੇ ਸ਼ਰੀਰ ਗੱਡਿਆਂ ਵਿਚ ਲੱਦਕੇ ਸ਼ਹਿਰੋਂ ਬਾਹਰ ਲਿਜਾਕੇ ਦਰਖਤਾਂ ਤੇ ਲਟਕਾ ਦਿੱਤੇ ਜਾਂਦੇ ਸਨ।

ਇਸ ਕਤਲ ਤੋਂ ਬਾਅਦ ਤਿੰਨ ਮਹੀਨਿਆਂ ਤੱਕ ਬਿਲਕੁਲ ਚੁੱਪ ਰਹੀ ਬੰਦਾ ਸਿੰਘ ਅਤੇ ਉਸਦੇ ਸਾਥੀਆਂ ਨੂੰ ਇਸ ਕਰਕੇ ਨਹੀਂ ਮਾਰਿਆਂ ਗਿਆ ਕਿਉਂਕਿ ਉਹ ਬੰਦਾ ਸਿੰਘ ਦੇ ਖਜਾਨੇ ਦਾ ਅਤੇ ਉਨ੍ਹਾਂ ਦੇ ਸਾਥੀਆਂ ਦਾ ਪਤਾ ਕਰਨਾ ਚਾਹੁੰਦੇ ਸਨ ਜਿਨ੍ਹਾਂ ਨੇ ਉਸਦੀ ਸਹਾਇਤਾ ਕੀਤੀ ਸੀ।ਬੰਦਾ ਸਿੰਘ ਦੀ ਵਾਰੀ 9 ਜੂਨ 1716 ਨੂੰ ਆਈ ਜਦੋਂ ਉਸਨੂੰ ਜਲੂਸ ਦੀ ਸ਼ਕਲ ਵਿਚ ਬਾਹਰ ਲਿਜਾਇਆ ਗਿਆ ।ਉਸਦੇ ਨਾਲ ਉਸਦੇ 26 ਸਾਥੀ ਵੀ ਸਨ ਉਨ੍ਹਾਂ ਨੂੰ ਪੁਰਾਣੇ ਸ਼ਹਿਰ ਦੇ ਬਜਾਰ ਦੇ ਵਿੱਚੋਂ ਦੀ ਕੁਤਬ -ਮਿਨਾਰ ਦੇ ਨੇੜੇ ਖੁਆਜਾ ਕੁਤਬ-ਉਦ-ਦੀਨ ਬਖ਼ਿਤਿਆਰ ਕਾਕੀ ਦੇ ਮਕਬਰੇ ਦੇ ਨੇੜੇ ਲੈ ਗਏ ਉਨ੍ਹਾਂ ਨੂੰ ਬਹਾਦਰ ਸ਼ਾਹ ਦੇ ਮਕਬਰੇ ਦੇ ਦਵਾਲੇ ਪ੍ਰਕਰਮਾਂ ਕਰਵਾਈਆਂ ਗਈਆਂ ਇਸਤੋਂ ਬਾਅਦ ਉਨ੍ਹਾਂ ਨੂੰ ਇਸਲਾਮ ਜਾਂ ਮੌਤ ਦੀ ਪੇਸ਼ਕ-ਸ਼ ਕੀਤੀ ਗਈ ਪਰ ਗੁਰੂ ਗੋਬਿੰਦ ਸਿੰਘ ਦੇ ਚੇਲੇ ਬੰਦਾ ਸਿੰਘ ਬਹਾਦਰ ਨੇ ਆਪਣਾ ਧਰਮ ਛੱਡਣ ਦੀ ਵਜਾਏ ਮੌਤ ਨੂੰ ਕਬੂਲ ਕੀਤਾ।ਉਸਦਾ ਛੋਟਾ ਪੁੱਤਰ ਅਜੈ ਸਿੰਘ ਨੂੰ ਉਸਦੀ ਗੋਦੀ ਵਿਚ ਬਿਠਾਇਆ ਗਿਆ ਅਤੇ ਬੰਦਾ ਸਿੰਘ ਬਹਾਦਰ ਨੂੰ ਆਪਣੇ ਪੁੱਤਰ ਨੂੰ ਕਤਲ ਕਰਨ ਵਾਸਤੇ ਕਿਹਾ ਗਿਆ ਪਰ ਉਸਨੇ ਇਨਕਾਰ ਕਰ ਦਿੱਤਾ ਉਸਤੋਂ ਬਾਅਦ ਜੱਲਾਦ ਨੇ ਬੱਚੇ ਦੇ ਟੋਕੜੇ ਕਰਕੇ ਉਸਦਾ ਤੜਫਦਾ ਦਿਲ ਬੰਦਾ ਸਿੰਘ ਬਹਾਦਰ ਦੇ ਮੂੰਹ ਵਿਚ ਪਇਆ ਗਿਆ,ਪਰ ਬੰਦਾ ਸਿੰਘ ਬਹਾਦਰ ਮੂਰਤੀ ਦੀ ਤਰ੍ਹਾਂ ਅਹਿਲ ਖੜੋਤਾ ਰਿਹਾ ਉਹ ਪੂਰੀ ਤਰ੍ਹਾਂ ਰੱਬੀ ਭਾਣੇ ਦੀ ਅਵਸਥਾ ਵਿਚ ਸੀ ।ਸੀਅਰ-ਉਲ-ਮੁਤਾਖਰੀਨ ਅਨੁਸਾਰ ਮੁਹੰਮਦ ਅਮੀਨ ਖਾਂ ਜੋ ਕੋਲ ਹੀ ਖੜਾ ਸੀ,ਬੰਦਾ ਸਿੰਘ ਦੇ ਉੱਤਮ ਜਲਾਲ ਤੋਂ ਇੰਨਾ ਪ੍ਰਭਾਵਿਤ ਹੋਇਆ ਉਹ ਇਹ ਕਹਿਣ ਲਈ ਮਜਬੂਰ ਹੋਇਆ ਕਿ ਇਹ ਹੈਰਾਨੀ ਵਾਲੀ ਗੱਲ ਹੈ ਕਿ ਉਸ ਮਨੁਖ ਨੇ ਜਿਸ ਵਿਚ ਇੰਨੀ ਤੀਖਣਤਾ ਤੇ ਉਨਮਤਾ ਹੈ ਦੁਨਿਆਂ ਨੂੰ ਅਤੇ ਆਪਣੇ ਆਪ ਨੂੰ



ਇੰਨੀ ਮੁਸੀਬਤ ਵਿਚ ਪਇਆ ਹੋਵੇ ਬੰਦਾ ਸਿੰਘ ਨੇ ਮਹਾਨ ਠਰ੍ਹਮੇਂ ਨਾਲ ਉੱਤਰ ਦਿੱਤਾ,ਜਦੋਂ ਮਨੁਖਾ ੱ ਵਿਚ ਮੰਦ ਕਰਮੀ ਸਭ ਹੱਦਾਂ ਟੱਪ ਜਾਂਦੀ ਹੈ ਉਹ ਬਦਲਾ -ਸ਼ਕਤੀ ਇਖਲਾਕੋਂ ਡਿੱਗੀ ਦੁਨਿਆਂ ਨੂੰ ਸਜ਼ਾ ਦੇਣ ਲਈ ਮੇਰੇ ਜਿਹੀ ਸ਼ਕਤੀ ਨੂੰ ਪੈਦਾ ਕਰਦੀ ਹੈ ਪਰ ਪਿੱਛੋਂ ਰੱਬ ਤੇਰੇ ਜਿਹੇ ਆਦਮੀਆਂ ਨੂੰ ਸ਼ਕਤੀ ਦਿੰਦਾ ਹੈ ਜੋ ਮੈਨੂੰ ਮਾਰ ਸਕੇ ।ਬੰਦਾ ਸਿੰਘ ਦੀ ਸ਼ਹੀਦੀ ਦੀਆਂ ਘਟਨਾਵਾਂ ਇੰਨੀਆਂ ਭਿਆਨਕ ਹਨ ਜਿਹੜੀਆਂ ਬਿਆਨ ਨਹੀਂ ਕੀਤੀਆਂ ਜਾ ਸਕਦੀਆਂ ।ਸਭ ਤੋਂ ਪਹਿਲਾਂ ਉਸਦੀ ਸੱਜੀ ਤੇ ਖੱਬੀ ਅੱਖ ਕੱਢੀ ਗਈ ਫੇਰ ਉਸਦੇ ਹੱਥ ਅਤੇ ਪੈਰ ਕੱਟ ਦਿੱਤੇ ਗਏ ਉਸਤੋਂ ਬਾਅਦ ਤਪਦੇ ਲਾਲ ਸੂਹੇ ਜੰਬੂਰੇ ਨਾਲ ਓਸੁਦਾ ਮਾਸ ਤੋੜਿਆ ਗਿਆ ਅਤੇ ਅਖੀਰ ਵਿਚ ਉਸਦਾ ਸਿਰ ਕੱਟ ਦਿੱਤਾ ਗਿਆ ਬੰਦਾ ਸਿੰਘ ਅਖੀਰ ਤੱਕ ਸ਼ਾਂਤ ਅਤੇ ਸਥਿਰ ਰਿਹਾ।ਐਲਫਿਨਸਟੋਨ ਦੇ ਸ਼ਬਦਾਂ ਵਿਚ ਬੰਦਾ ਸਿੰਘ ਇਸ ਗੱਲ ਵਿਚ ਗੌਰਵ ਮਹਿਸੂਸ ਕਰਦਾ ਰਿਹਾ ਕਿ ਰੱਬ ਨੇ ਉਸਨੂੰ ਜਮਾਨੇ ਦੇ ਅੱਤਿਆਚਾਰਾਂ ਅਤੇ ਵਧੀਕੀਆਂ ਦਾ ਨਾਸ ਕਰਨ ਲਈ ਬਲਾ ਦੇ ਰੂਪ ਵਿਚ ਪੈਦਾ ਕੀਤਾ ਸੀ ।ਇਕ ਵਾਰੀ ਫਰੂਖਸਈਰ ਨੇ ਬੰਦਾ ਸਿੰਘ ਬਹਾਦਰ ਨੂੰ ਪੁਛਿਆਂ ਸੀ ਕਿ ਤੈਨੂੰ ਕਿਹੋ ਜਿਹੀ ਮੌਤ ਚਾਹੀਦੀ ਹੈ ਤਾਂ ਬੰਦਾ ਸਿੰਘ ਬਹਾਦਰ ਦਾ ਜਵਾਬ ਸੀ ਜਿਹੋ ਜਿਹੀ ਤੂੰ ਮੈਨੂੰ ਮੌਤ ਦੇਵੇਂਗਾ ਉਹੋ ਜਿਹੀ ਮੌਤ ਤੈਨੂੰ ਮਿਲੇਗੀ ਤੇ ਬੰਦਾ ਸਿੰਘ ਬਹਾਦਰ ਦੀ ਚਿਤਾਵਨੀ ਦਾਂ ਇਕ ਇਕ ਅੱਖਰ ਸੱਚ ਸਾਬਤ ਹੋਇਆ ਤਿੰਨ ਸਾਲ ਦੇ ਅੰਦਰ ਅੰਦਰ 33 ਸਾਲ ਦੀ ਉਮਰ ਵਿਚ ਫ਼ਰੁਖ਼ਸਿਅਰ ਨੂੰ ਸੱਯਦ ਭਰਾਵਾਂ



Bhagwan Singh Tagar

ਨੇ 28 ਫ਼ਰਵਰੀ 1719 ਦੀ ਰਾਤ ਨੂੰ ਉਸਦੀਆਂ ਅੱਖਾਂ ਵਿਚ ਸੂਈਆਂ ਚੋਭਕੇ ਉਸਨੂੰ ਅੰਨ੍ਹਾਂ ਕੀਤਾ ਗਿਆ ਅਤੇ ਫੇਰ ਉਸਨੂੰ ਬੰਦੀ ਖਾਨੇ ਵਿਚ ਬੰਦ ਕਰਕੇ ਭੁੱਖਾ ਰੱਖਕੇ ਤਸੀਹੇ ਦਿੱਤੇ ਗਏ 27/28 1719 ਦੀ ਰਾਤ ਨੂੰ ਗਲਾ ਘੋਟਕੇ ਮਾਰ ਦਿੱਤਾ

ਬੰਦਾ ਸਿੰਘ ਬਹਾਦਰ ਦਾ ਵਿਅਕਤਿਤਵ ਅਤੇ ਉਸ ਦੀਆਂ ਪ੍ਰਾਪਤੀਆਂ ਬੰਦਾ ਸਿੰਘ ਬਹਾਦਰ ਤੋਂ ਇਲਾਵਾ ਹੋਰ ਕਿਸੇ ਅਦਮੀ ਨੂੰ ਫ਼ਾਰਸੀ ਵਿਚ ਲਿਖਣ ਵਾਲੇ ਮੁਗਲ ਲੇਖਕਾਂ ਨੇ ਇੰਨੀ ਨਫ਼ਰਤ ਨਾਲ ਨਹੀਂ ਵੇਖਿਆਂ।ਇਹ ਗੱਲ ਸਹੀ ਹੈ ਕਿ ਉਹ ਨਿਕਲਾਬ ਜਿਸਦੀ ਅਗਵਾਈ ਉਸਨੇ ਮੁਗਲਾਂ ਦੇ ਵਿਰੂਧ ਕੀਤੀ ਸੀ ਬਹੁਤ ਸਮਾਂ ਪਹਿਲਾਂ ਗੁਰੂ ਸਾਹਿਬਾਨ ਨੇ ਆਰੰਭ ਕੀਤਾ ਹੋਇਆ ਸੀ ਪਰ ਇਹ ਬੰਦਾ ਸਿੰਘ ਹੀ ਸੀ ਜਿਸ ਨੇ ਅਸਰਦਾਰ ਤਰੀਕੇ ਨਾਲ ਇਸ ਸੰਘਰਸ਼ ਨੂੰ ਜੱਥੇਬੰਦ ਕੀਤਾ ਅਤੇ ਇਸਨੂੰ ਮੁਗਲ ਰਾਜ ਪ੍ਰਬੰਧ ਨੂੰ ਢਾਅ ਢੇਰੀ ਕਰਨ ਲਈ ਇਕ ਰਾਜਸੀ ਸ਼ਕਤੀ ਵਜੋਂ ਵਰਤਿਆ ਸੀ ਅਤੇ ਪੰਜਾਬ ਦੇ ਲੋਕਾਂ ਨੂੰ ਅਜਾਦੀ ਦੇ ਸੁਆਦ ਦੀ ਪਹਿਲੀ ਝਲਕ ਦਿੱਤੀ ਭਾਵੇਂ ਇਹ ਥੋਹੜੇ ਸਮੇ ਲਈ ਹੀ ਸੀ ਉਸਦਾ ਵੀ ਇਕ ਕਾਰਨ ਸੀ ਥੋਹੜੇ ਜਿਹੇ ਵਸੀਲਿਆਂ ਨਾਲ ਐਡੀ ਵੱਡੀ ਸਲਤਨਤ ਨਾਲ ਮੱਥਾ ਲਾਉਣਾ ਇਹ ਬੰਦਾ ਸਿੰਘ ਬਹਾਦਰ ਦੀ ਹਿੰਮਤ ਅਤੇ ਹੌਸਲਾ ਸੀ ਉਸਨੂੰ ਬਾਬਾ ਬਿਨੋਦ ਸਿੰਘ ਦੀ ਗੱਲ ਮਨਕੇ ਦੁਨੀ ਚੰਦ ਦੀ ਹਵੇਲੀ ਵਿਚੋਂ ਨਿਕਲ ਜਾਣਾ ਚਾਹੀਦਾ ਸੀ ਅਤੇ ਦੇਸ਼ ਦੇ ਹੋਰ ਇਲਾਕਿਆਂ ਨੂੰ ਜਿੱਤਣ ਤੋਂ ਪਹਿਲਾ ਪੰਜਾਬ ਵਿਚ ਹੀ ਗੁਰੀਲਾ ਯੁੱਧ ਕਰਨਾ ਚਾਹੀਦਾ ਸੀ ਸ਼ਾਇਦ ਉਸ ਵੇਲੇ ਉਸਨੂੰ ਇਹ ਫੈਸਲਾ ਠੀਕ ਲੱਗਿਆ ਹੋਵੇ ਪਰ ਬਾਬਾ ਬਿਨੋਦ ਸਿੰਘ ਦੀ ਗੱਲ ਨਾ ਮੰਨਕੇ ਉਸਨੇ ਗਲਤੀ ਕੀਤੀ ਸੀ ਉਸਨੇ ਥੋਹੜੇ ਜਿਹੇ ਸਮੇਂ ਲਈ ਜਗੀਰਦਾਰੀ ਖਤਮ ਕਰਕੇ ਜਮੀਨ ਵਾਹੁਣ ਵਾਲੇ ਲੋਕਾਂ ਨੂੰ ਜਮੀਨ ਦਾ ਹੱਕ ਦੁਆਇਆ ।ਪਿੰਡਾ ਵਿਚ ਖਾਲਸਾ ਪੰਚਾਇਤਾਂਬਭਣਾਕੇ ਇਕ ਦੂਰਅੰਦਇਸੀ ਸੂਝਵਾਨ ਆਗੂ ਹੋਣ ਦਾ ਸਬੂਤ ਦਿੱਤਾ।

ਉਨ੍ਹਾਂ ਲੋਕਾਂ ਹੱਥੋਂ ਬੰਦਾ ਸਿੰਘ ਦਾ ਇਕ ਨਿਰਪੱਖ ਅਨੁਮਾਨ ਲੱਗ ਸਕਣਾ ਅਸੰਭਵ ਸੀ ਜਿਨ੍ਹਾਂ ਤੋਂ ਉਸਨੇ ਰਾਜ ਸੱਤਾ ਖੋਹੀ ਸੀ ਸਮਕਾਲੀ ਲਿਖਾਰੀ ਵੀ ਸਰਕਾਰੀ ਅਖ਼ਬਾਰ ਨਵੀਸ ਸਨ ਜਾਂ ਮੁਗਲ ਹਾਕਮਾਂ ਦੇ ਪਿਠ ੱ ਲਗ ਸਨ ਉਹ ਤੁਅਸਵ ਤੋਂ ਸੁਤਤੰਰ ਨਹੀ ੰ ਸਨ ਇਸ ਲਈ ਥਰੋਂਟਨ ਅਨੁਸਾਰ ਉਨ੍ਹਾਂ ਦੇ ਵਿਰਤਾਂਤ ਸੱਚ ਦੇ ਨੇੜੇ ਨਹੀਂ ਸਨ ਉਹ ਬੰਦਾ ਸਿੰਘ ਬਹਾਦਰ ਨੂੰ ਸਭਤੋਂ ਨਿਰਦਈ ਖੂਨੀ ਰਾਕਸ਼ਸਾਂ ਵਿਚੋਂ ਇਕ ਇਸ ਕਰਕੇ ਸਮਝਦੇ ਸਨ ਕਿਉਂਕਿ ਉਸਨੇ ਉਨ੍ਹਾਂ ਦੀ ਸਲਤਨਤ ਨੂੰ ਵੰਗਾਰਿਆ ਸੀ ਉਸਨੂੰ ਪਰਖਿਆਂ ਉਹ ਜਿੰਨ-ਅਕਾਰ ਬਿਲਕੁਲ ਨਜ਼ਰ ਨਹੀਂ ਸੀ ਆਉਂਦਾ ਜਿਹੋ ਜਿਹਾ ਉਸਨੂੰ ਸਮਝਿਆ ਗਿਆ ਸੀ ਵਾਸਤਵ ਵਿਚ ਉਹ ਸ਼ਕਲ ਸੂਰਤ ਵਿਚ ਸਿਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਮਿਲਦਾ ਜੁਲਦਾ ਸੀ ।ਉਸਦਾ ਉਨ੍ਹਾਂ ਵਰਗਾ ਹੀ ਪਤਲਾ ਸ਼ਰੀਰ ,ਦਰਮਿਆਨਾ ਕਦ,ਅਤੇ ਹਲਕਾ ਗੰਦਮੀ ਚਿਹਰਾ ਸੀ ਜਿਹੜਾਂ ਪਹਾੜੀ ਉੱਤਰੀ ਭਾਰਤ ਦੇ ਚੰਗੇ ਜਲ-ਵਾਊ ਦੇ ਪ੍ਰਭਾਵ ਹੇਠ ਗੁਲਾਬੀ ਰੰਗ ਦਾ ਹੋਗਿਆ ਸੀ।ਉਨ੍ਹਾਂ ਦੋਨਾਂ ਦੀ ਦਿੱਖ ਇਕ ਸ਼ਾਂਤ ਚਿਤਵੈਰਾਗੀ ਮਨੁੱਖ ਵਾਲੀ ਸੀ ਜਿਸਤੋਂ ਬਾਗੀ ਲੋਕ ਡਰ ਜਾਂਦੇ ਸਨ ਅਤੇ ਮਿੱਤਰਾਂ ਦੇ ਹੌਸਲੇ ਵਧਦੇ ਸਨ।ਸਭ ਲਿਖਾਰੀ ਉਸਨੂੰਉਸਦੇ ਠਰ੍ਹਮੇਂ ਭਰੇ ਹੌਸਲੇ ਅਤੇ ਔਕੜਾਂ ਦੇ ਸਨਮੁਖ ਉਸਦੀ ਨੀਡਰ ਗਵਾਹੀ ਦੀ ਗਵਾਹੀ ਦਿੰਦੇ ਸਨ। ਇਸ ਤੋਂ ਪਤਾ ਚਲਦਾ ਹੈ ਕਿ ਦਸ਼ਮੇਸ਼ ਪਿਤਾ ਸੀਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਰਾਜਸੀ ਉਤਰਾਧਿਕਾਰੀ ਚੁਣਨ ਵਿਚ ਕਿੰਨੀ ਸੂਝ ਵਰਤੀ ਸੀ।ਉਸ ਦਿਨ ਤੋਂ ਲੈਕੇ ਜਿਸ ਦਿਨ ਬੰਦਾ ਸਿੰਘ ਨੇ ਆਪਣੇ ਗੁਰੂ ਜੀ ਦੇ ਹੱਥੋ ਅੰਮ੍ਰਿਤ ਪਾਨ ਕੀਤਾ ਸੀ ਆਪਣੀ ਜਿੰਦਗੀ ਦੇ ਅੰਤਿਮ ਦਿਨ ਤੱਕ ਜਦੋਂ ਕਿ ਉਸਦੀ ਬੋਟੀ ਬੋਟੀ ਕਰ ਦਿੱਤੀ ਗਈ ਸੀ ਉਹ ਆਪਣੇ ਗੁਰੂ ਦੇ ਮਿਸ਼ਨ ਦਾ ਪੱਕਾ ਸ਼ਰਧਾਲੂ ਰਿਹਾ ।ਉਸਦੇ ਸਿੱਕੇ ਅਤੇ ਉਸਦੀ ਮੋਹਰ ਉੱਤੇ ਸਿਰੀ ਗੁਰੂ ਨਾਨਕ ਦੇਵ ਜੀ ਅਤੇ ਦਸ਼ਮੇਸ਼ ਪਿਤਾ ਸਿਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਉੱਕਰੇ ਹੋਏ ਸਨ ਜਿਨ੍ਹਾਂ ਨੂੰ ਉਹ ਆਪਣੀ ਸਲਕਤੀ ਦਾ ਸਰੋਤ ਸਮਝਦਾ ਸੀ ।ਉਸਨੇ ਸਿੱਖ ਰਹਿਤ ਮਰਿਆਦਾ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਉਸਨੇ ਨਾ ਕਦੇ ਰੋਮਾ ਦੀ ਬੇਅਦਬੀ ਕੀਤੀ ਅਤੇ ਨਾ ਕਦੇ ਮਾਸ ਯਾ ਤੰਬਾਕੂ ਦੀ ਵਰਤੋਂ ਕੀਤੀ ਅਤੇ ਨਾ ਹੀ ਪਰਾਈ ਔਰਤ ਵਲ ਨਜਰ ਚੁੱਕ ਕੇ ਦੇਖਿਆ ਯੁਧਾਂ ਦੀ ਹਾਲਤ ਵਿਚ ਮਿਲਣ ਵਾਲੇ ਲਾਲਚ,ਉਸਦੀ ਅਣਵੰਗਾਰੀ ਸਥਿਤੀ ਅਤੇ ਉਸਦੇ ਵੈਰੀਆਂ ਵੱਲੋਂ ਮਿਲਣ ਵਾਲੀ ਉਕਸਾਹਟ ਹੁੰਦੇ ਹੋਏ ਵੀ ਉਹ ਸੁਧ ਅਤੇ ਪਵਿੱਤਰ ਰਿਹਾ ।ਧਰਮ ਪ੍ਰਚਾਰ ਲਈ ਉਸਦੀ ਲਗਨ ਯੁੱਧ ਲਈ ਉਸਦੇ ਜੋਸ਼ ਤੋਂਕਦੇ ਵੀ ਘੱਟ ਨਹੀਂ ਸੀ ਰਹੀ॥ਉਸਨੇ ਬਹੁਤ ਸਾਰੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਸਿੱਖ ਮਤ ਦੇ ਅਨੁਯਾਈ ਬਣਾਇਆ ਪਰ ਇਸ ਗੱਲ ਦਾ ਕੋਈ ਵੀ ਸਬੂਤ ਨਹੀਂ ਮਿਲਦਾ ਕਿ ਉਸਨੇ ਕਦੇ ਵੀ ਜਬਰਦਸਤੀ ਕੀਤੀ ਹੋਵੇ। ਕੁਝ ਲੋਕਾਂ ਨੇ ਉਸਨੂੰਜੇਤੂ ਬਹਾਦਰ ਦੀ ਕਿਰਪਾ ਦਾ ਪਾਤਰ ਬਣਨ ਲਈ ਜਾਂ ਆਪਣੇ ਆਪ ਨੂੰ ਸਖ਼ਤ ਸਜਾ ਤੋਂ ਬਚਾਉਣ ਲਈ ਅਜਿਹਾਂ ਕੀਤਾ ਹੋਵੇਗਾ ਪਰ ਉਨ੍ਹਾਂ ਕਿਸੇ ਅਯੋਗ ਦਬਾਅ ਦੇ ਸ਼ਿਕਾਰ ਹੋਇਆਂ ਵਿਚ ਨਹੀਂ ਮੰਨਿਆਂ ਜਾ ਸਕਦਾ ਇਸ ਗੱਲ ਦਾ ਉਦਾਹਰਣ ਇਕ ਰਿਪੋਰਟ ਤੋਂ ਮਿਲਦਾ ਹੈ ਜਿਹੜੀ ਸਰਕਾਰੀ ਖਬਰ ਨਵੀਸ ਨੇ ਬਾਦਸ਼ਾਹ ਬਹਾਦਰ ਸ਼ਾਹ ਨੂੰ ਭੇਜੀ ਸੀ ।ਕਿ ਬੰਦਾ ਸਿੰਘ ਬਹਾਦਰ ਨੇ ਅਪ੍ਰੈਲ 1711 ਵਿਚ ਕਲਾਨੋਰ ਦੇ ਸਥਾਨ ਤੇ ਟਿਕੇ ਰਹਿਣ ਦੇ ਸਮੇਂ ਮੁਸਲਮਾਨਾਂ ਨੂੰ ਯਕੀਨ ਦੁਅਇਆ ਸੀ ਕਿ ਉਹ ਉਨ੍ਹਾਂ ਦੇ ਧਰਮ ਵਿਚ ਕਿਸੇ ਵੀ ਤਰ੍ਹਾਂ ਦਾ ਦਖਲ ਨਹੀਂ ਦੇਵੇਗਾ ਅਤੇ ਉਹ ਸਾਰੇ ਮੁਸਲਮਾਨਾ ਨੂੰ ਜਿਹੜੇ ਉਸਦੀ ਫੌਜ ਵਿਚ ਭਰਤੀ ਹੋਣਗੇ ਬਕਾਇਦਾ ਤਨਖਾਹ ਦਿੱਤੀ ਜਾਵੇਗੀ , ਉਨ੍ਹਾਂ ਨੂੰ ਪੂਰਨ ਧਾਰਮਿਕ ਸੁਤੰਤ੍ਰਤਾ ਹੋਵੇਗੀ ਅਤੇ ਨਮਾਜ ਪੜ੍ਹਣ ਅਤੇ ਬਾਂਗ ਦੇਣ ਦੀ ਪੂਰੀ ਖੁੱਲ ਹੋਵੇਗੀ ਇਸ ਖੁੱਲ ਕਰਕੇ 5000 ਮੁਸਲਮਾਨ ਉਸਦੀ ਫੌਜ ਵਿਚ ਭਰਤੀ ਹੋ ਗਏ ਸਨ। ਅਤੇ ਇਕ ਹੋਰ ਰਿਪੋਰਟ ਅਨੁਸਾਰ ਉਨ੍ਹਾਂ ਦੀ ਗਿਣਤੀ ਹਰ ਰੋਜ ਵਧਦੀ ਜਾਂਦੀ ਸੀ।ਗੂਰੂ ਗੋਬਿੰਦ ਸਿੰਘ ਜੀ ਦੇ ਸਿਧਾਤਾਂ ਨਾਲ ਬੰਦਾ ਸਿੰਘ ਬਹਾਦਰ ਪੂਰੀ ਦੀਨਤਾ ਨਾਲ ਜੁੜੇ ਰਹੇ।ਕੁਝ ਲਿਖਾਰੀਆਂ ਨੇ ਬੰਦਾ ਸਿੰਘ ਬਹਾਦਰ ਅਤੇ ਉਸਦੇ ਕੁਝ ਸਾਥੀਆਂ ਵਿਚਕਾਰ ਮਤਭੇਦ ਹਣੋ ਦਾ ਜੋਰ ਦਿੱਤਾ ਹੈ ਉਸਦੇ ਜੀਵਨ ਕਾਲ ਵਿਚ ਉਸਦੀ ਨੀਤੀ ਦੇ ਵਰਤਾਵ ਇਹੋ ਜਿਹੀ ਕੋਈ ਗੱਲ ਨਜਰ ਨਹੀਂ ਅਉਦੀ ਜਿਸ ਦਾ ਅਰਥ ਕੱਢਿਆ ਜਾਵੇ ਕਿ ਉਹ ਕਿਸੇ ਤਰ੍ਹਾਂ ਦੀ ਧੜੇਬਾਜੀ ਜਾਂ ਸੰਪਰਦਾਇਕਤਾ ਵਖਰੇਵੇਂ ਦਾ ਹਾਮੀ ਸੀ ਇਹ ਮਤਭੇਦ ਦਰਅਸਲ ਬੰਦਾ ਸਿੰਘ ਬਹਾਦਰ ਦੀ ਮੌਤ ਤੋਂ ਬਾਅਦ ਦੇ ਸਮੇਂ ਨਾਲ ਸੰਬਧਿਤ ਹੈ ।ਉਸਦੀਆਂ ਚਿੱਠੀਆਂ ਤੋਂ ਸਪਸ਼ਟ ਪਤਾ ਚਲਦਾ ਹੈ ਕਿ ਉਸਨੇ ਕਦੇ ਵੀ ਗੁਰੂ ਦਾ ਪਦ ਧਾਰਨ ਨਹੀਂ ਸੀ ਕੀਤਾ ਸਗੋਂ ਉਹ ਅਪਣੇ ਆਪ ਨੂੰ ਗੁਰੂ ਦਾ ਬੰਦਾ ਕਹਾਉਣਾ ਪਸੰਦ ਕਰਦਾ ਸੀ, ਸਗੋਂ ਉਹ ਤਾਂ ਸਿੱਖਾਂ ਨੂੰ ਗੁਰੂ ਦੇ ਹੁਕਮਾਂ ਦੀ ਪਾਲਣਾ ਕਰਨ ਵਾਸਤੇ ਪ੍ਰੇਰਦਾ ਸੀ । ਇਹ ਸੱਚ ਹੈ ਕਿ ਉਸਨੇ ਫ਼ਤਿਹ ਦਰਸ਼ਨ ਦਾ ਇਕ ਨਵਾਂ ਨਾਹਰਾ ਲਾਗੂ ਕੀਤਾ ਸੀ ਜਿਸ ਦਾ ਅਰਥ ਸੀ ਜਿੱਤ ਉਸ ਪ੍ਰਤੱਖ ਅਕਾਲਪੁਰਖ ਦੀ ਹੋਵੇਗੀ ਪਰ ਇਹ ਕੇਵਲ ਯੁੱਧ ਦਾ ਹੀ ਇਕ ਨਾਹਰਾ ਸੀ ਪਰ ਜਦੋਂ ਉਸ ਦਾ ਇਸ ਗੱਲ ਵੱਲ ਧਿਆਨ ਦੁਆਇਆ ਗਿਆ ਕਿ ਫ਼ਤਿਹ ਦਰਸ਼ਨ ਦੀ ਜਗ੍ਹਾ ਵਾਹਿਗੁਰੂ ਜੀ ਕੀ ਫ਼ਤਿਹ ਹੋਣਾ ਚਾਹੀਦਾ ਹੈ ਤਾਂ ਉਸਨੇ ਇਹ ਗੱਲ ਮਨਣ ਵਿਚ ਇਨਕਾਰ ਨਹੀਂ ਕੀਤਾ ਮਤਭੇਦ ਦੀ ਦੂਸਰੀ ਗੱਲ ਜੋ ਇਕੱਠਿਆਂ ਬੈਠਕੇ ਲੰਗਰ ਛਕਣ ਸਮੇਂ ਕੁਝ ਬੇਸੁਆਦੀ ਪੈਦਾ ਕਰ ਸਕਦੀ ਸੀ ਉਹ ਬੰਦਾ ਸਿੰਘ ਦਾ ਸ਼ਾਕਾਹਾਰੀ ਹੋਣਾ ਸੀ ਜਿਹੜੀ ਬਹੁਤ ਹੀ ਉਤੱਮ ਗੱਲ ਸੀ ਕਿਉਂਕਿ ਮਾਸ ਖਾਣਾ ਸਿੱਖ ਮਤ ਵਿਚ ਜਰੂਰੀ ਨਹੀਂ ਹੈ ਮੇਰੀ ਨਿਜੀ ਰਾਏ ਵੀ ਹੈ ਕਿ ਸਿੱਖਾਂ ਨੂੰ ਸ਼ਾਕਾਹਾਰੀ ਹੋਣਾ ਚਾਹੀਦਾ ਹੈ ਇਸਦਾ ਕੋਈ ਸਬੂਤ ਨਹੀਂ ਮਿਲਦਾ ਕਿ ਬੰਦਾ ਸਿੰਘ ਦੇ ਸਾਥੀ ਧਰਮ ਕਰਕੇ ਕਦੇ ਉਸ ਨਾਲ ਝਗੜੇ ਹੋਣ ਜਾਂ ਉਸਦੀਆਂ ਮੱਤਭੇਦ ਪੈਦਾ ਕਰਨ ਵਾਲੀਆਂ ਰੁਚੀਆਂ ਕਰਕੇ ਉਸਨੂੰ ਛੱਡ ਗਏ ਹੋਣ ।

(ਚਲਦਾ)

# ਚੜਦੀ ਕਲਾ ਵਾਲਾ 2025 ਨਵਾਂ ਸਾਲ ਹੋਵੇ

ਖੁਸ਼ ਰਹਿਣ ਸਾਰੇ ਸਦਾ, ਕਦੇ ਗ਼ਮਾਂ ਦੀ ਨਾ ਬਾਤ ਹੋਵੇ
ਭੁੱਖਾ ਸੋਵੇਂ ਨਾ ਕੋਈ, ਹਰ ਇਕ ਦੇ ਪੋਸ਼ਾਕ ਹੋਵੇ
ਹੱਕ ਖੋਵੇ ਨਾ ਕੋਈ,ਵੰਡ ਛੱਕਣ ਦੀ ਜਾਚ ਹੋਵੇ
ਕਰਨ ਮਿਹਨਤਾ ਹੀ ਸਾਰੇ, ਲੁੱਟਣ ਦਾ ਨਾ ਖਿਆਲ ਹੋਵੇ
ਚੜਦੀ ਕਲਾ ਵਾਲਾ 2025 ਨਵਾਂ ਸਾਲ ਹੋਵੇ

ਭਾਈਚਾਰਾ ਇਕੱਠਾ, ਤੇ ਦਿਲਾਂ ਚ ਪਿਆਰ ਹੋਵੇ
ਰਲਮਿਲ ਰਹਿਣ ਸਾਰੇ, ਸਦਾ ਧੀਆਂ ਦਾ ਸਤਿਕਾਰ ਹੋਵੇ
ਨਸ਼ਾ ਜੜੋਂ ਹੋਜੇ ਖਤਮ,ਖੇਡਾਂ ਚ ਧਿਆਨ ਹੋਵੇ
ਬੇਅਦਬੀ ਤੇ ਰੋਕ ਲੱਗੇ, ਗੁਰਬਾਣੀ ਦਾ ਗਿਆਨ ਹੋਵੇ
ਸਭ ਨੂੰ ਰੁਜ਼ਗਾਰ ਮਿਲੇ, ਵਿਦੇਸ਼ ਵਾਲਾ ਨਾ ਖਿਆਲ ਹੋਵੇ
ਚੜਦੀ ਕਲਾ ਵਾਲਾ 2025 ਨਵਾਂ ਸਾਲ ਹੋਵੇ

ਖੁਸ਼ਹਾਲ ਹੋਵੇ ਅੰਨ ਦਾਤਾ,ਫਸਲ ਨਾ ਖਰਾਬ ਹੋਵੇ
ਲਾਉਣੇ ਪੈਣ ਨਾ ਧਰਨੇ, ਡੱਲੇਵਾਲ ਸਿਹਤਯਾਬ ਹੋਵੇ
ਪੱਗ ਪਹਿਚਾਣ ਏ ਸਾਡੀ, ਇਸਦਾ ਬਣਦਾ ਸਤਿਕਾਰ ਹੋਵੇ
ਗੁਰੂ ਘਰਾਂ ਵਿਚ ਸਦਾ, ਸਿੱਖੀ ਦਾ ਪ੍ਰਚਾਰ ਹੋਵੇ
ਕਰ ਅਰਦਾਸ ਸੰਧੂਆ, ਨਵਾਂ ਵਰ੍ਹਾ ਖੁਸ਼ਹਾਲ ਹੋਵੇ
ਚੜਦੀ ਕਲਾ ਵਾਲਾ 2025 ਨਵਾਂ ਸਾਲ ਹੋਵੇ

ਪ੍ਰਦੇਸੀ ਵੱਸਦੇ ਵੀਰਾਂ ਨੂੰ ਚੰਗੀ ਕਮਾਈ ਹੋਵੇ
ਰਾਗੀ ਢਾਡੀ ਕਵੀਸ਼ਰਾ ਦੀ ਫੁੱਲ ਚੜਾਈ ਹੋਵੇ
ਬੇਕਸੂਰ ਬੰਦੀ ਸਿੰਘਾਂ ਦੀ ਰਿਹਾਈ ਹੋਵੇ
ਬੰਦ ਹੋ ਜਾਵਣ ਐਕਸੀਡੈਂਟ ਵਾਹਿਗੁਰੂ ਹਰ ਥਾਂ ਹੀ ਸਹਾਈ ਹੋਵੇ
ਹੱਸਦੇ ਵੱਸਦੇ ਰਹਿਣ ਮੱਲ੍ਹੇ ਵਾਲੇ ਸਾਰਾ ਪੰਜਾਬ ਖੁਸ਼ਹਾਲ ਹੋਵੇ
ਚੜਦੀ ਕਲਾ ਵਾਲਾ 2025 ਨਵਾਂ ਸਾਲ ਹੋਵੇ

ਧਰਮਾਂ ਦੇ ਨਾਂ ਤੇ ,ਕਦੇ ਨਾ ਲੜਾਈ ਹੋਵੇ
ਨਾ ਕੋਈ ਮਰੇ ਬੇਕਸੂਰ, ਨਾ ਫੜੋ ਫੜਾਈ ਹੋਵੇ
ਚੰਗੀਆਂ ਹੋਣ ਸਰਕਾਰਾਂ ਪੰਜਾਬ ਦੀ ਭਲਾਈ ਹੋਵੇ
ਸੂਝਵਾਨ ਹੋਣ ਜੱਥੇਦਾਰ, ਤੇ ਕੋਮ ਦੀ ਚੜਾਈ ਹੋਵੇ
ਝੂਲਣ ਕੇਸਰੀ ਨਿਸ਼ਾਨ, ਜੈਕਾਰਾ ਬੋਲੇ ਸੋ ਨਿਹਾਲ ਹੋਵੇ
ਚੜਦੀ ਕਲਾ ਵਾਲਾ 2025 ਨਵਾਂ ਸਾਲ ਹੋਵੇ !!



**ਜਤਿੰਦਰ ਸਿੰਘ ਸੰਧੂ ਮੱਲ੍ਹਾ**

# ਰਹਿਬਰਾਂ ਦੇ ਬੁੱਤਾਂ ਦੀ ਭੰਨਤੋੜ ਕਰਨ ਵਾਲਿਆਂ ਪ੍ਰਤੀ ਜਜ਼ਬਾਤੀ ਕਲਮ ਦਾ ਰੋਸ

## ਚੇਤੇ ਰੱਖਿਓ ਹਾਕਮੋ

ਜਦ ਜਦ ਵੀ ਬੁੱਤਾਂ ਨੂੰ ਭੰਨੀ ਤੋੜੀ ਜਾਵੋਗੇ
ਚੇਤੇ ਰੱਖਿਓ ਹਾਕਮੋ ਉਦੋਂ ਬੜਾ ਪਛਤਾਵੋਗੇ
ਜਦੋਂ ਜਦੋਂ ਵੀ ਮੂਰਤੀਆਂ ਨੂੰ ਤੋੜੀ ਜਾਵੋਗੇ
ਜਦੋਂ ਜਦੋਂ ਵੀ ਹੱਥ ਸਟੈਚੂਆਂ ਤਾਂਈਂ ਲਾਵੋਗੇ
ਚੇਤੇ ਰੱਖਿਓ ਹਾਕਮੋ............

ਲੱਗੇ ਹੋਏ ਸਟੈਚੂ ਆਪਣੀ ਹੋਂਦ ਨੂੰ ਦੱਸਦੇ ਨੇ
ਕੀਤੇ ਹੋਏ ਮਾਰਗ ਦਰਸ਼ਨ ਦਿਲ ਵਿੱਚ ਵਸਦੇ ਨੇ
ਕੋਝੀਆਂ ਹਰਕਤਾਂ ਵਾਲੇ ਗੁਣ ਕਿੰਨਾਂ ਚਿਰ ਗਾਵੋਗੇ
ਚੇਤੇ ਰੱਖਿਓ ਹਾਕਮੋ............

ਰੋਜ਼ ਹੀ ਸੁਰਖੀ ਹੁੰਦੀ ਇੱਥੇ ਵਿੱਚ ਅਖਬਾਰਾਂ ਦੇ
ਬਿਆਨਾਂ ਦੇ ਵਿੱਚ ਨਫ਼ਰਤ ਗੂੰਜੇ ਵਾਂਗ ਅੰਗਿਆਰਾਂ ਦੇ
ਲੱਖਾਂ ਅਤੇ ਕਰੋੜਾਂ ਨੂੰ ਕਿੱਦਾਂ ਹੱਥ ਪਾਵੋਗੇ
ਚੇਤੇ ਰੱਖਿਓ ਹਾਕਮੋ............

ਸਾਡੇ ਪਿਤਾ ਪੈਗੰਬਰ ਪੁਰਖੇ ਲਿਖਤਾਂ ਵਿੱਚ ਜਿਉਂਦੇ
ਜੋ ਰਹੇ ਆਪਣੀ ਕੌਮ ਦੇ ਜ਼ਖਮਾਂ ਫੱਟਾਂ ਨੂੰ ਜਿਉਂਦੇ
ਸੀਨਿਆਂ ਦੇ ਵਿੱਚ ਛਪੇ ਕਲੰਡਰ ਕਿੱਦਾਂ ਲਾਵੋਗੇ
ਚੇਤੇ ਰੱਖਿਓ ਹਾਕਮੋ............



ਸਾਡੇ ਰਹਿਬਰ ਸਾਡੇ ਲਈ ਜੋ ਕਰ ਗਏ ਜੱਗ ਉੱਤੇ
ਭੌਂਕਣ ਵਾਲੇ ਟਲ਼ ਨਹੀਂ ਸਕਦੇ ਭੌਂਕਣਗੇ ਕੁੱਤੇ
ਬੱਚ ਨਹੀਂ ਸਕਦੇ ਸੁੱਤੇ ਸ਼ੇਰ ਜੇ ਆਣ ਜਗਾਵੋਗੇ
ਚੇਤੇ ਰੱਖਿਓ ਹਾਕਮੋ............

"ਚੁੰਬਰਾ" ਰਹਿਬਰਾਂ ਦੇ ਬੁੱਤ ਤਾਂ ਸਾਡਾ ਸਰਮਾਇਆ ਏ
ਉਹ ਸਦੀਆਂ ਤੱਕ ਯਾਦ ਰੱਖੂ ਜਿਹਨੇ ਹੱਥ ਲਾਇਆ ਏ
ਖੇਡੀ ਜੇ ਸ਼ਤਰੰਜ ਚਾਲ ਤਾਂ ਮੂੰਹ ਤੇ ਖਾਵੋਗੇ
ਚੇਤੇ ਰੱਖਿਓ ਹਾਕਮੋ............

**ਕੁਲਦੀਪ ਚੁੰਬਰ ਕਨੇਡਾ**

# ਕਿਥੇ ਯਾਰਾਂ

ਗੁਰਬਤ ਦੀ ਜਿੰਦਗੀ ਜੀ ਰਿਹਾ ,
ਘੁੱਟ ਘੁੱਟ ਹੰਝੂਆਂ ਦਾ ਪੀ ਰਿਹਾ ।
ਪੱਥਰ ਬਣ ਸਮੇਂ ਦੀਆ ਮਾਰਾਂ ਨੂੰ ,
ਦਿਲ ਆਪਣੇ ਤੇ ਸਹਿ ਰਿਹਾ,
ਕਿਥੇ ਯਾਰਾਂ ਕੌਣ ਕਿਸੇ ਨੂੰ ,
ਨਵਾਂ ਸਾਲ ਮੁਬਾਰਕ ਕਹਿ ਰਿਹਾ।
ਗੈਸ ਸਿਲੰਡਰ ਮੁਕ ਗਿਆ,
ਬਸ ਰੋਟੀ ਦਾ ਫਿਕਰ ਹੈ ,
ਜਾਅ ਉਹਦੇ ਘਰ ਦੇਖ ,
ਕਿਥੇ ਨਵੇ ਸਾਲ ਦਾ ਜਿਕਰ ਹੈ,
ਉਹ ਤਾਂ ਡਰਿਆ ਤੇ ਸਹਿਮਿਆ,
ਕਿਉਕਿ ਉਸਦਾ ਘਰ ਢਹਿ ਰਿਹਾ ।
ਕਿਥੇ ਯਾਰਾਂ ਕੌਣ ਕਿਸੇ ਨੂੰ ,
ਨਵਾਂ ਸਾਲ ਮੁਬਾਰਕ ..............
ਚਿੱਟਾ ਖਾ ਮਰ ਗਿਆ ਪੁੱਤ ,
ਹੋ ਗਿਆ ਉਸਦਾ ਘਰ ਖਾਲੀ,
ਰੁਸ ਗਈਆਂ ਖੁਸ਼ੀਆ ,
ਅੱਖਾਂ ਚ' ਛੱਡ ਗਈਆਂ ਲਾਲੀ,
ਉਹਨੂੰ ਜਾ ਕੇ ਪੁਛੋ ਕੋਈ,
ਉਹ ਧਰਤੀ ਤੇ ਕਿਵੇ ਰਹਿ ਰਿਹਾ।
ਕਿਥੇ ਯਾਰਾਂ ਕੌਣ ਕਿਸੇ ਨੂੰ,
ਨਵਾਂ ਸਾਲ ਮੁਬਾਰਕ............
ਰੋਜ ਸੁਪਨੇ ਲੈਦਾ 'ਦਰਦੀ',
ਰੋਜ ਹੀ ਸੁਪਨੇ ਮਰਦੇ ,
ਸੂਲੀ ਚੜਦੇ ਈਸਾ ਵਾਗੂ ,
ਹਾਕਮਾਂ ਹੱਥੋ ਹਰ ਦੇ ,
ਮਹਿੰਗਾਈ ਦੇ ਭਾਰ ਨਾਲ,
ਹਰ ਬੰਦਾ ਏਥੇ 'ਸ਼ਿਵ' ਢਹਿ ਰਿਹਾ।
ਕਿਥੇ ਯਾਰਾਂ ਕੌਣ ਕਿਸੇ ਨੂੰ ,
ਨਵਾਂ ਸਾਲ ਮੁਬਾਰਕ............



**ਸ਼ਿਵਨਾਥ ਦਰਦੀ ਫ਼ਰੀਦਕੋਟ,**
**ਸੰਪਰਕ:- 9855155392**

## ਸ਼ੁਭ ਸਵੇਰ ਦੋਸਤੋ,

ਸਮੇਂ ਦੀ ਇਕਾਈ ਨੂੰ ਜੇ ਸਮਝੀਏ ਤਾਂ ਰੋਜ਼ਨਾ ਹੀ ਨਵਾਂਪਨ ਹੈ ਜੀਵਨ ‘ਚ, ਪਰ ਵਪਾਰੀ ਨੇ ਇਸ ਜੁਗਤ ਨੂੰ ਪੇਸ਼ ਇਸ ਤਰ੍ਹਾਂ ਕੀਤਾ ਹੈ ਕਿ ਜ਼ਿੰਦਗੀ ਜਿਉਂ ਕਿ ਵੀ ਆਧੁਨਿਕ ਜ਼ਿੰਦਗੀ ਜਿਊਣ ਦਾ ਅਹਿਸਾਸ ਹੁੰਦਾ ਹੈ ਮਨੁੱਖ ਨੂੰ ‘ਨਵਾਂ ਵਰ੍ਹਾ ਮੁਬਾਰਕ’ ਕਹਿ ਕੇ। ਮੇਰੇ ਹੁਣ ਤੱਕ ਦੇ ਬੀਤੇ ਜੀਵਨ ਵਿੱਚ ਕੁਦਰਤ ਨੇ, ਸੁੱਖਾਂ ਦੇ ਮੁਕਾਬਲੇ ਦੁੱਖ-ਤਕਲੀਫ਼ਾਂ ਭਾਵੇਂ ਜ਼ਿਆਦਾ ਦਿੱਤੀਆਂ... ਮਾਂ, ਬਾਪ ਤੇ ਜਵਾਨ ਪੁੱਤ ਦਾ ਵਿਛੋੜਾ ਬਾਕੀ ਰਹਿੰਦੇ ਜੀਵਨ ਵਿੱਚ ਵੀ ਦਿਲ ‘ਚ ਸਦਾ ਜੋਬਨ ‘ਤੇ ਰਹਿ ਕੇ ਦੁਹਾਈ ਪਾਉਂਦੇ ਰਹਿਣਗੇ, ਪਰ ਲੱਗਦਾ ਚਿਹਰੇ ਦੀ ਮੁਸਕਾਨ ਕਦੇ ਜਾਣ ਨਹੀਂ ਦੇਣੀ ਹੌਸਲਾ ਬਖ਼ਸ਼ਣਹਾਰੀ ਕੁਦਰਤ ਨੇ, ਕਿਉਂਕਿ ਸਦਾ ਭਲਾ ਕਰਨ, ਭੁੱਲਾਂ ਬਖ਼ਸ਼ਣ ਤੇ ਭਾਣਾ ਮੰਨਣ ਦੇ ਸਮਰੱਥ ਰੱਖਿਆ ਨਿਮਾਣੀ ਜਿੰਦ ਨੂੰ, ਅਗਾਂਹ ਹੁਣ ਖ਼ੁਸ਼ੀਆਂ ਭਰੇ ਜੀਵਨ ਦੀ ਤਮੰਨਾ ਬਹੁਤ ਹੈ।

ਮਾਨਸਿਕ ਤੰਦਰੁਸਤੀ ਲਈ ਹਰ ਭਾਣਾ ਮਿੱਠਾ ਕਰ ਮੰਨਣਾ ਜਰੂਰੀ ਹੈ। ਜੋ ਜ਼ਿੰਦਗੀ ਜ਼ਿੰਦਾਬਾਦ ਲਈ ਚੱਲਦੇ ਰਹੀਏ, ਜਿਵੇਂ ਖੁਦ ਨੂੰ ਠੀਕ ਲੱਗੇ, ਲੋਕ ਸਾਡੀ ਨੁਕਤਾਚੀਨੀ ਕਰਦੇ ਰਹਿਣਗੇ, ਅਫ਼ਵਾਹਾਂ ਫੈਲਾਉਂਦੇ ਰਹਿਣਗੇ, ਉਨ੍ਹਾਂ ਨੂੰ ਉਨ੍ਹਾਂ ਦਾ ਕੰਮ ਕਰਨ ਦਿਉ, ਆਪਾਂ ਆਪਣਾ ਕਰਦੇ ਰਹੀਏ। ਇੱਕ ਗੱਲ ਯਾਦ ਰੱਖਣਯੋਗ ਹੈ ਕਿ ਖਿਡਾਰੀ ਆਪਣੀ ਖੇਡ ਮਸਤ ਹੋ ਕੇ ਖੇਡਦੇ ਹਨ, ਪਰ ਬੈਠੇ ਦਰਸ਼ਕ ਰੌਲਾ ਪਾਉਂਦੇ ਹਨ।



ਆਪਾਂ ਵੀ ਖਿਡਾਰੀ ਬਣੀਏ ਨਾ ਕਿ ਰੌਲਾ ਪਾਉਣ ਵਾਲੇ ਦਰਸ਼ਕ, ਆਪਣੇ ਆਪ ਤੇ ਯਕੀਨ ਕਰੀਏ, ਕਿਸੇ ਨੂੰ ਸਪੱਸ਼ਟੀਕਰਨ ਦੇਣ ਦੀ ਲੋੜ ਨਹੀਂ।

ਇਸ ਦਾ ਮਤਲਬ ਇਹ ਵੀ ਨਹੀਂ ਕਿ ਅਸੀਂ ਆਪਣੇ ਵਿਰੋਧੀਆਂ, ਈਰਖਾ ਜਾਂ ਸਾੜ੍ਹਾ ਕਰਨ ਵਾਲ਼ੇ ਲੋਕਾਂ ਨੂੰ ਨਜ਼ਰ-ਅੰਦਾਜ਼ ਕਰ ਦੇਈਦੇ, ਉਨ੍ਹਾਂ ਦੀਆਂ ਕਮੀਨੀਆਂ ਹਰਕਤਾਂ ਤੇ ਨਿਗ੍ਹਾ ਜ਼ਰੂਰ ਰੱਖੀਏ। ਜੇ ਉਨ੍ਹਾਂ ਦੀ ਨੁਕਤਾਚੀਨੀ ਵਿੱਚੋਂ ਮੰਜ਼ਲ ਵੱਲ ਵਧਣ ਲਈ ਕੋਈ ਗੱਲ ਚੰਗੀ ਲਗਦੀ ਹੈ ਤਾਂ ਅਪਨਾਉਣ ਵਿੱਚ ਵੀ ਕੋਈ ਹਰਜ ਨਹੀਂ। ਪਰ ਈਰਖਾਲੂ, ਝਗੜਾਲੂ, ਬੇਈਮਾਨ, ਦੋਗਲੇ ਤੇ ਸ਼ੈਤਾਨ ਦਿਮਾਗ਼ਾਂ ਨੂੰ ਸੁਨੇਹਾ ਇਹੀ ਜਾਣਾ ਚਾਹੀਦਾ ਹੈ ਕਿ ਸਾਨੂੰ ਉਨ੍ਹਾਂ ਦੀ ਭੋਰਾ ਵੀ ਪ੍ਰਵਾਹ ਨਹੀਂ। ਕੋਈ ਮੰਜ਼ਲ ਪ੍ਰਾਪਤੀ ਸਾਡਾ ਮਿਸ਼ਨ ਨਹੀਂ ਹੋਣਾ ਚਾਹੀਦਾ, ਸਗੋਂ ਸਾਨੂੰ ਤਾਂ ਜੀਵਨ ਵਿੱਚੋਂ ਲਗਨ ਨਾਲ਼ ਚੱਲਦੇ ਰਹਿਣਾ ਦਾ ਮਜ਼ਾ ਲੈਣਾ ਚਾਹੀਦਾ ਹੈ। ਕਦੇ ਕਿਸੇ ਨੇ ਜੱਗ ਨਹੀਂ ਜਿੱਤਿਆ ਤੇ ਨਾ ਹੀ ਜਿੱਤ ਹੋਣਾ ਹੈ। ਦੂਜਿਆਂ ਦਾ ਨੁਕਸਾਨ ਕੀਤੇ ਬਿਨਾਂ, ਆਪਾਂ ਕਨੂੰਨੀ ਦਾਇਰੇ ਵਿੱਚ ਰਹਿ ਕੇ ਆਪਣਾ ਕੰਮ ਕਰਦੇ ਰਹਿੰਦੇ ਹਾਂ।

ਚਲੋ ਫਿਰ ਵੀ ਲੰਘੇ ਸਮੇਂ ਦੌਰਾਨ ਜੇਕਰ ਜਾਣੇ-ਅਣਜਾਣੇ ਵਿੱਚ ਮੇਰੇ ਲਿਖੇ ਸ਼ਬਦਾਂ ਨਾਲ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੋਵੇ ਤਾਂ ਮੁਆਫ਼ੀ ਚਾਹੁੰਦਾ ਹਾਂ, ਪਰ ਦੋਗਲੇ ਕਿਰਦਾਰ ਮੈਨੂੰ ਅਗਾਂਹ ਵੀ ਨਾ ਪਸੰਦ ਹਨ। ਪਰਮਾਤਮਾ ਅੱਗੇ ਅਰਦਾਸ ਹੈ ਕਿ ਆਉਣ ਵਾਲਾ ਸਮਾਂ ਸਭ ਲਈ ਸੁਲੱਖਣਾ ਹੋਵੇ। ਨਵੀਆਂ ਆਸਾਂ ਉਮੀਦਾਂ ਸਭ ਦੇ ਵਿਹੜਿਆਂ ਵਿੱਚ ਦਸਤਕ ਦੇਣ, ਜ਼ਿੰਦਗੀ ਵਿੱਚ ਹਾਸੇ, ਖੁਸ਼ੀਆਂ, ਖੇੜੇ ਅਤੇ ਤੰਦਰੁਸਤੀਆਂ ਦੀ ਕਾਮਨਾਂ ਕਰਦਾ ਹੋਇਆ, ਉਮੀਦ ਰੱਖਦਾ ਕਿ ਆਪਾਂ ਪਿਆਰ, ਮੁਹੱਬਤ, ਇਮਾਨਦਾਰੀ ਨਾਲ ਇੱਕ-ਦੂਜੇ ਨਾਲ ਵਿਚਰਾਂਗੇ ਅਤੇ ਸੱਚੀ-ਸੁੱਚੀ ਸੋਚ ਦੇ ਧਾਰਨੀ ਬਣਨ ਦਾ ਜਤਨ ਕਰਾਂਗੇ। ਸਮਾਜ ਨੂੰ ਹੋਰ ਖ਼ੂਬਸੂਰਤ ਬਣਾਉਣ ਵਿੱਚ ਆਪਣਾ ਹਿੱਸਾ ਪਾਵਾਂਗੇ।

**ਹਰਫੂਲ ਸਿੰਘ ਭੁੱਲਰ ਮੰਡੀ ਕਲਾਂ 9876870157**

# "ਨਵਾਂ ਵਰ੍ਹਾ-ਨਵੇਂ ਸੰਕਲਪ"

ਪਲ-ਪਲ ਨਾਲ ਬਦਲਦੇ ਪਲਾਂ ਦੀ ਰਫਤਾਰ ਸਦਕਾ ਦਿਨ,ਮਹੀਨੇ , ਸਾਲਾਂ ਅਤੇ ਸਦੀਆਂ ਦਾ ਬਦਲ ਜਾਣਾ ਕੋਈ ਹੈਰਾਨੀ ਦਾ ਸਬੱਬ ਨਹੀਂ। ਹਰ ਵਰ੍ਹੇ. ਨਵੇਂ ਵਰ੍ਹੇ ਦੀ ਤਾਜਪੋਸ਼ੀ ਬੜੇ ਚਾਵਾਂ ,ਸੱਧਰਾਂ,ਖੁਸ਼ੀਆਂ ਤੇ ਰੰਗ ਬਿਰੰਗੇ ਜਸ਼ਨਾਂ ਨਾਲ ਬਚਪਨ,ਜਵਾਨੀ ਤੇ ਬੁਢਾਪੇ ਦੇ ਤਿੰਨੋ ਰੰਗਾਂ ਦੁਆਰਾ ਕੀਤੀ ਜਾਂਦੀ ਹੈ।ਆਪਣਿਆਂ,ਬਿਗਾਨਿਆਂ ਤੇ ਅਜਨਬੀਆਂ ਨੂੰ ਆਪੋ ਆਪਣੇ ਅੰਦਾਜ ਰਾਹੀਂ "ਨਵਾਂ ਸਾਲ ਮੁਬਾਰਕ" ਆਖਣ ਦਾ ਪ੍ਰਚਲਣ ਵੀ ਮਨੁੱਖੀ ਰਿਸ਼ਤਿਆਂ,ਸਮਾਜਿਕ ਸਬੰਧਾਂ ਅਤੇ ਮੋਹ ਪਿਆਰ ਦੀਆਂ ਤੰਦਾਂ ਵਿੱਚ ਸਾਰਥਕ ਰੰਗ ਭਰਦਾ ਹੈ।

ਜਿੰਦਗੀ ਨੂੰ ਜੀਣ,ਖੁਸ਼ੀਆਂ ਨੂੰ ਮਾਨਣ ਦਾ ਅਹਿਸਾਸ ਭਰਦਾ ਹੈ ਹਰੇਕ "ਨਵਾਂ ਸਾਲ"।ਨਿੱਜ ਨੂੰ ਤਿਆਗਣ,ਅੰਤਰੀਵ ਤੋਂ ਬਾਹਰ ਵੱਲ ਨੂੰ ਝਾਕਣ,ਦੂਜਿਆਂ ਦੀਆਂ ਹਨੇਰ ਜਿੰਦਗੀਆ ਨੂੰ ਰੁਸਨਾਉਣ ਦੇ ਸੰਕਲਪ,ਸਮਾਜ,ਦੇਸ਼ ,ਦੁਨੀਆਂ ਵਿੱਚ ਹਾਂ ਪੱਖੀ ਪਰਿਵਰਤਣਾਂ ਦੇ ਮਨਸੂਬਿਆਂ ਦੀ ਯਥਾਰਕਤਾ ਹਿੱਤ ਯਤਨਾਂ ਵਿੱਚ ਤੇਜੀ ਲਿਆਉਣ ਵਾਸਤੇ ਪ੍ਰੇਰਨਾਵਾਂ ਦਾ ਸ੍ਰੋਤ ਹੁੰਦਾ ਹੈ ਹਰੇਕ "ਨਵਾਂ ਵਰ੍ਹਾ"।

ਧਰਤ ਗ੍ਰਹਿ 'ਤੇ ਉਪਜੇ ਜੀਵਾਂ ਵਿੱਚ ਸਭਤੋਂ ਸ਼੍ਰੇਸ਼ਟ ਮਨੁੱਖ ਵਾਸਤੇ ਜਰੂਰੀ ਤੇ ਲਾਜਮੀ ਹੋ ਜਾਦਾ ਹੈ ਕਿ ਸਭਨਾਂ ਨੂੰ ਸਭਨਾਂ ਦੀ ਖੈਰੀਅਤ ਵਾਸਤੇ ਨਵੇਂ ਵਰ੍ਹੇ ਦੀ ਖੁਸ਼ਆਮਦੀਦ ਕਰਨ ਹਿੱਤ ਰਚਨ-ਹਾਰੇ ਨੂੰ ਮਨ ਮਸਤਕ ਵਿੱਚ ਧਿਆਉਦਿਆ ਸਰਬੱਤ ਦੇ ਭਲੇ ਦੀ ਅਰਦਾਸ ਕਰਨਾ,ਬੀਤੇ ਪਲਾਂ,ਦਿਨਾਂ ਮਹੀਨਿਆਂ ਤੇ ਸਾਲਾਂ ਦੇ ਰੋਸਿਆਂ,ਪਛਤਾਵਿਆ,ਭੁੱਲਾਂ ਤੇ ਗਲਤੀਆਂ ਨੂੰ ਮਨੋ ਵਿਸਾਰਨ ਦਾ ਸੰਕਲਪ ,ਨਿਵੇਕਲੇ, ਅਦਭੁਤ , ਸਲਾਹੁਣਯੋਗ,ਸਾਰਥਕ ਅਤੇ ਸਭਨਾਂ ਦੇ ਮਨਾਂ ਨੂੰ ਅਸੀਮ ਖੁਸ਼ੀਆਂ ਵੰਡਣ ਵਾਲੇ ਕਾਰਜਾਂ ਨੂੰ ਵਿੱਢਣਾ ,ਟੁੱਟਿਆਂ ਸੰਗ ਜੁੜ ਬੈਠਣਾ,ਉਚਿਆਂ ਸੰਗ ਨੀਵੇਂ ਤੇ ਨੀਵਿਆਂ ਤੋਂ ਨੀਵੇਂ ਬਣ ਕੇ ਵਿਚਰਨ ਦੇ ਖਿਆਲਾਂ ਨੂੰ ਹਾਂ ਪੱਖੀ ਹੁਲਾਰਾ ਦੇਣਾ,ਮਾਨਵਤਾ ਦੇ ਦੁੱਖ ਦਰਦਾਂ ਨੂੰ ਭਾਪਦਿਆਂ ਦੂਜਿਆਂ ਦੇ ਹਿਰਦਿਆਂ ਨੂੰ ਠਾਰਨ ਦੇ ਮਨੋਭਾਵ ਉਸਾਰਨਾ,ਚੌਗਿਰਦੇ ਵਿੱਚ ਫੈਲੀਆ ਕੁਰੀਤੀਆਂ ਖਿਲਾਫ ਜੂਝਦੇ ਮਨੁੱਖੀ ਮੁਜੱਸਮਿਆਂ ਦੀ ਸੁਰ ਨਾਲ ਸੁਰ ਮਿਲ-ਾਉਣਾ,ਗੰਧਲੇ ਹੋ ਰਹੇ ਪਾਣੀਆਂ ਤੇ ਹਵਾਵਾਂ ਪ੍ਰਤੀ ਚਿੰਤਾਮਈ ਵਿਚਾਰਾਂ ਨੂੰ ਤੂਲ ਦਿੰਦਿਆਂ"ਵਾਤਾਵਰਨ ਪ੍ਰੇਮੀ" ਬਨਣ ਦੀਆਂ ਚੇਸ਼ਟਾਵਾਂ ਦੇ ਵਿਸਥਾਰ ਦਾ ਤਹੱਈਆ ਕਰਨਾ,ਧਰਤ ਗ੍ਰਹਿ ਤੇ ਨਿੱਤ ਪ੍ਰਤੀ ਦਿਨ ਵਧ ਰਹੀ ਅਬਾਦੀ ਬਾਰੇ ਲੁਕਾਈ ਵਿੱਚ ਚੇਤਨਤਾ ਫੈਲਾਉਣਾ,ਪਦਾਰਥਵਾਦੀ ਪਹੁੰਚ ਨੂੰ ਨਕਾਰਦਿਆਂ ਮਾਇਆ ਦੇ ਅੰਬਾਰਾਂ ਦਾ ਸਮਾਜੀ ਹਿੱਤਾਂ ਵਿੱਚ ਨਿਵੇਸ਼ ਕਰਨਾ, ਨਸ਼ਿਆਂ ਦੇ ਪ੍ਰਚਲਣ ਨਾਲ ਨੌਜਵਾਨੀ ਦੀ ਹੋ ਰਹੀ ਨਸਲਕੁਸ਼ੀ ਨੂੰ ਠੱਲਣਾ, ਵਿਦੇਸ਼ਾਂ ਵੱਲ ਹੋ ਰਹੇ ਗਭਰੇਟਾਂ ਦੇ ਪਲਾਇਨ ਦੀ ਤੀਬਰ ਗਤੀ ਨੂੰ ਮੱਧਮ ਕਰਨ ਦੇ ਉਪਰਾਲਿਆ ਵਿੱਚ ਮਗਨ ਹੋ ਜਾਣਾ ਵੀ ਨਵੇਂ ਸਾਲ ਦੀ ਨਿਵੇਕਲੀ ਤਾਜਪੋਸ਼ੀ ਹੋਵੇਗਾ। ਨਵੇਂ ਸਾਲ ਨੂੰ ਮੁਬਾਰਕਵਾਦ ਆਖਦਿਆਂ ਸਾਨੂੰ ਸੰਕਲਪ ਕਰਨਾ ਚਹੀਦਾ ਹੈ ਕਿ ਅਸੀਂ ਪੰਜਾਬੀ ਵਿਰਸੇ,ਸੱਭਿਆਚਾਰ ਤੇ ਕਦਰਾਂ ਕੀਮਤਾਂ ਵਿੱਚ ਆ ਰਹੇ ਨਿਘਾਰ ਪ੍ਰਤੀ ਮੰਥਨ ਕਰੀਏ ।"ਸਿੱਖਇਜਮ" ਦੇ ਯਥਾਰਥਕ ਸਿੱਧਾਂਤਾਂ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ,ਦਿਨ-ਬ-ਦਿਨ ਬੱਚਿਆਂ,ਔਰਤਾਂ ਬਜੁਰਗਾਂ ਤੇ ਹੋ ਰਹੇ ਮਾਨਸਿਕ,ਸਰੀਰਕ,ਅਤੇ ਆਰਥਿਕ ਸ਼ੋਸਣਾਂ ਖਿਲਾਫ ਵਿਚਾਰਾਂ ਦੀ ਜੰਗ ਛੇੜਨਾਂ,ਮਨੁੱਖਤਾ ਦੇ ਦੁੱਖ ,ਦਲਿਦਰਾਂ ,ਬਿਮਾਰੀਆਂ'ਤੇ ਹਮਦਰਦੀਪੂਰਨ ਰਵੱਈਆ ਅਖਤਿਆਰ ਕਰਨਾ,ਕਾਲਾਬਜਾਰੀ,ਰਿਸ਼ਵਤਖੋਰੀ,ਭ੍ਰਿਸ਼ਟਾਚਾਰ,ਭਾਈਭਤੀਜਾਵਾਦ,ਰੰਗ,ਨਸਲ, ਜਾਤੀ,ਦੇਸ਼,ਵਿਦੇਸ਼,ਪ੍ਰਾਤਾਂ,ਬੋਲੀਆਂ ਦੇ ਵਖਰੇਵਿਆਂ ਸਦਕਾ ਦਿਲਾਂ ਵਿੱਚ ਪਨਪਦੇ ਈਰਖਾ,ਸਾੜੇ ,ਵੈਰ,ਵਿਰੋਧਾਂ ਤੇ ਨਫਰਤਾਂ ਦੇ ਨਾਕਾਰਤਾਮਕ ਖਿਆਲਾਂ,ਵਿਚਾਰਾਂ ਤੇ ਮਨੋਭਾਵਾਂ ਨੂੰ ਤਿਲਾਂਜਲੀ ਦੇਣ ਦਾ ਅਹਿਦ ,ਇਕੱਲਿਆਂ ਦੀ ਬਜਾਇ ਸਭਨਾਂ ਸੰਗ ਨਿੱਕੀਆਂ ਨਿੱਕੀਆਂ ਖੁਸ਼ੀਆਂ ਤੇ ਹਾਸਿਆਂ ਨੂੰ ਹੱਸਣਾ,ਭਾਈਚਾਰੇ ਦੀਆਂ ਤੰਦਾਂ ਨੂੰ ਪੀਡੀਆਂ ਕਰਨ ਦੀਆਂ ਕੋਸ਼ਿਸਾਂ ਵਿੱਚ ਮਸ਼ਰੂਫ ਹੋਣਾ,ਨੇਕ ਕਮਾਈ ਦੇ ਦਸਵੰਦ ਨੂੰ ਧਾਰਮਿਕ ਸਥਾਨਾਂ ਦੀ ਬਜਾਇ ਸਕੂਲਾਂ,ਕਾਲਜਾਂ ,ਲਾਇਬੇਰੀਆਂ ਨੂੰ ਦਾਨ ਕਰਨ ਦੀ ਪ੍ਰਥਾ ਦਾ ਅਗਾਜ ਕਰਨਾ ਭਾਵ ਕਿ "ਪੇ ਬੈਕ ਟੂ ਸੁਸਾਇਟੀ" ਵਰਗੇ ਵਿਸ਼ਾਲ ਤੇ ਮਨੁੱਖਤਾ ਪੱਖੀ ਬਹੁ ਸੰਕਲਪਾਂ ਨੂੰ ਪੂਰਾ ਕਰਨ ਦੇ ਪ੍ਰਣ ਅਤੇ ਅਹਿਦ ਨਿਸ਼ਚਿਤ ਰੂਪ ਵਿੱਚ ਨਵੇਂ ਵਰ੍ਹੇ ਦੀ ਅਸਲ ਤਾਜਪੋਸ਼ੀ ਹੋਣਗੇ।



**ਮਾਸਟਰ ਹਰਭਿੰਦਰ ਸਿੰਘ "ਮੁੱਲਾਂਪੁਰ"**
9/97,ਪੁਰਾਣੀ ਮੰਡੀ, ਮੰਡੀ ਮੁੱਲਾਂਪੁਰ
ਸੰਪਰਕ:94646-01001

## ਨਵਾਂ ਸਾਲ ਮੁਬਾਰਕ

ਅੱਜ ਵੀ ਰੁਲਦੇ ਮਜ਼ਦੂਰ ਪਏ ਆ
ਤੇ ਉਹੀ ਹਾਲ ਕਿਸਾਨਾਂ ਦਾ
ਚੜ ਆਇਆ ਫਿਰ 2025,,,,,,
ਤੇ ਵਾਰਿਸ ਨਹੀਂ ਕੋਈ ਜਾਨਾਂ ਦਾ



ਹਿੰਦੂ ਮੁਸਲਮ ਲੜਦੇ ਪਏ ਆ
ਲੜ ਆਪਸ ਵਿੱਚ ਮਾਰਦੇ ਪਏ ਆ
ਗੋਲੀਆਂ ਬੰਬ ਬਥੇਰੇ ਚੱਲਦੇ
ਨਹੀਂ ਅੰਤ ਕੋਈ ਕਿਰਪਾਨਾਂ ਦਾ
ਤੇ 2024 ਬਦਲ ਗਿਆ ਭਾਵੇਂ
ਵਾਰਿਸ ਨਹੀਂ ਕੋਈ ਜਾਨਾਂ ਦਾ

ਦਿਨ ਮਹੀਨੇ ਸਾਲ ਬਦਲ ਗਏ
ਨਹੀਂ ਬਦਲਦੇ ਬੰਦੇ
ਭੁੱਖ ਮਰੀ ਗਰੀਬੀ ਇੱਥੇ ਉਹੀ ਸਾਰੇ ਧੰਦੇ
ਨਹੀਂ ਬਦਲਿਆ ਰੁਤਬਾ ਇਥੇ ਪ੍ਰਚਾਰਕ ਤੇ ਵਿਦਵਾਨਾਂ ਦਾ
ਚੜ ਆਇਆ ਭਾਵੇਂ 2025 ਵਾਰਿਸ ਨਹੀਂ ਕੋਈ ਜਾਨਾ ਦਾ

ਗੁਰਮੀਤ ਡਮਾਣੇ ਵਾਲਿਆ ਫਿਰ
ਵੀ ਕਰੀਏ ਰੌਸ਼ਨੀਆਂ
ਝੂਠ ਮੂਠ ਦੀਆਂ ਸਭ ਨੂੰ ਰਲਕੇ
ਦਈਏ ਅੱਜ ਵਧਾਈਆਂ
ਘੁਟਿਆ ਹੀ ਰਹਿਣਾ ਗਲਾ ਇੱਥੇ ਤਾਂ
ਗਰੀਬਾਂ ਦੇ ਅਰਮਾਨਾਂ ਦਾ
ਚੜ੍ਹ ਆਇਆ ਭਾਵੇਂ ਵੀਹ ਸੌਂ ਪੱਚੀ
ਵਾਰਿਸ ਨਹੀਂ ਕੋਈ ਜਾਨਾ ਦਾ

**ਗੁਰਮੀਤ ਡੁਮਾਣਾ**
**ਲੋਹੀਆਂ ਖਾਸ**
**ਜਲੰਧਰ**

## "ਨਵੇਂ ਸਾਲ ਦੀਆਂ ਨਵੀਆਂ ਸੋਚਾਂ!"

ਸਾਲ ਚੜ੍ਹੀਂ ਜਾਂਦਾ ਏ,
ਨਵੇਂ ਤੋਂ ਨਵਾਂਲ
ਉਮਰਾਂ ਦੇ ਵਿੱਚ ਹੋਈ ਜਾਂਦਾ ਏ
ਜਮ੍ਹਾਂ....
ਸਿਰਾਂ ਉੱਤੋਂ ਘਸ ਗਏ,
ਜੂੜਾ ਅਤੇ ਗੁੱਤ ਨੇ।
ਮਾਪਿਆਂ ਦੇ ਤੁਰ ਗਏ,
ਵਿਦੇਸ਼ੀਂ ਧੀਆਂ ਪੁੱਤ ਨੇ..
ਉਮਰਾਂ ਦੇ ਕਈ ਨੇ,
ਹੰਢਾਅ ਲੇ ਘਾਲੇ ਮਾਲੇ।
ਚਿੱਟੇ ਦੁੱਧ ਹੋਗੇ ਸਾਰੇ,
ਵਾਲ਼ ਕਾਲੇ ਕਾਲੇ....
ਵਰ੍ਹਿਆਂ ਦਾ ਪੈਂਡਾ,
ਛੇਵਾਂ ਸੱਤਵਾਂ ਦਹਾਕਾ।
ਮਹਿਫਲਾਂ ਚੋਂ ਲੱਭਦਾ ਨ੍ਹੀਂ,
ਪਹਿਲਾਂ ਵਾਲਾ ਓਹ
ਠਹਾਕਾ.....
ਬਹੁਤੀ ਲੰਘ ਚੱਲੀ,
ਬਾਕੀ ਸਾਲ ਥੋੜ੍ਹੇ ਨੇ।
ਸੱਜਣ ਪਿਆਰੇ ਕਈ,
ਦੰਦੋਂ ਜਾੜ੍ਹੋਂ ਬੋੜੇ ਨੇ.....
ਕਈ ਤਾਂ ਵਿਆਹ ਕੇ ਬੱਚੇ,
ਹੋ ਗਏ ਵਿਹਲੇ ਜੀ!
ਘੁੰਮਦੇ ਨੇ ਲੈ ਕੇ,
ਪੋਤੇ ਪੋਤੀਆਂ ਦੇ ਠੇਲੇ ਜੀ.......
ਰਜਾਈ ਵਿੱਚ ਮੂੰਹ,
ਪੜਚੋਲਾਂ ਗੋਂਦਾਂ ਗੁੰਦਾਂ ਜੀ!
ਕੱਲ੍ਹ ਦੀਆਂ ਗੱਲਾਂ,ਮੈਂ ਵੀ ਹੁੰਦਾ
ਮੁੰਡਾ ਜੀ....
ਉਹ ਵੀ ਮੇਰਾ,ਆਹ ਵੀ ਮੇਰਾ,
ਲਾਲਸਾ ਪ੍ਰਾਪਤੀ ਦੀ।
ਸੌ ਗਜ ਸਿਰੇ ਗੰਢ,
ਉਮਰ ਸਮਾਪਤੀ ਦੀ..
ਚੰਗੇ ਕੰਮਾਂ ਨਾਲ਼ ਰਹਿਣੀ,
ਲੋਕਾਂ ਵਿੱਚ ਯਾਦ ਵੀ।
ਘਾਟ ਪੂਰੀ ਹੋਣੀ ਨਹੀਂਓ,
ਤੇਰੇ ਜਾਣ ਬਾਅਦ ਵੀ..
ਆਪਣੇ ਤੇ ਨੌਜਵਾਨੋ,
ਕਰੋ ਮਿਹਰਬਾਨੀਆਂ।
ਆਹ ਲਓ ਸਾਂਭੋ ਵਿਰਸਾ,
ਮਾਂ-ਬੋਲੀ ਤੇ ਜਵਾਨੀਆਂ......
ਚਿੱਟੇ ਕਾਲ਼ੇ ਨਸ਼ਿਆਂ ਦਾ,
ਕੋਹੜ ਦਿਉ ਧੋਅ ਬਈ!
ਚੁਫੇਰੇ ਖੁਸ਼ਬੂ ਫੈਲੇ,
ਆਵੇ ਨਾ ਭੈੜੀ ਬੋਅ ਬਈ .....
ਅਲਵਿਦਾ -24 ਨੂੰ,
ਮੁਬਾਰਕਾਂ ਨੇ 25 ਨੂੰ।
"ਸਿੱਧੂਆ"ਸਲੂਟ ਮਾਰਾਂ,
ਤੇਰੀ ਗ਼ੱਲ ਸੱਚੀ ਨੂੰ।

**ਗੁਰਮੇਲ ਸਿੰਘ ਸਿੱਧੂ**
**ਚੰਡੀਗੜ੍ਹ,**
**੯੫੯੨੧੯੨੧੧੧**

## ਖੁਸ਼ ਆਮਦੀਦ 2025

2025 ਸੁੱਖ ਦਾ ਚੜ੍ਹਾਈ ਮਾਲਕਾ,
ਹਰ ਵਿਹੜ੍ਹੇ ਹੀ ਖੁਸ਼ੀਆਂ ਲਿਆਈਂ ਮਾਲਕਾ।
ਕੋਈ ਵੀ ਨਾਂ ਢਿੱਡੋਂ ਭੁੱਖਾ ਸੌਂਵੇ
ਰੋਟੀ ਖੁਣਹੋਂ ਕਿਤੇ ਨਾਂ ਕੋਈ ਰੋਵੇ
ਮਜ਼ਲੂਮ ਨਾਂ ਕੋਈ ਗਰੀਬ ਦੁਖੀ ਹੋਵੇ
ਸੀਨੇ ਠੰਢ ਹਰੇਕ ਦੇ ਤੂੰ ਪਾਈਂ ਮਾਲਕਾ
ਹਰ ਵਿਹੜ੍ਹੇ ਹੀ ਖੁਸ਼ੀਆਂ ਲਿਆਈਂ ਮਾਲਕਾ
ਨਵਾਂ ਸਾਲ ਸੁੱਖ ਦਾ ਚੜ੍ਹਾਈਂ ਮਾਲਕਾ।



ਰੁਜ਼ਗਾਰ ਲਈ ਨਾਂ ਕੋਈ ਭਟਕੇ
ਜਾਵੇ ਨਾਂ ਆਪਣਾ ਦੇਸ ਕੋਈ ਛੱਡ ਕੇ
ਧੀ ਪੁੱਤਾਂ ਲਈ ਨਾਂ ਕੋਈ ਮਾਪਾ ਤਰਸੇ
ਬਜ਼ੁਰਗ ਘਰਾਂ'ਚ ਮਾਪੇ ਨਾਂ ਪੁਚਾਈਂ ਮਾਲਕਾ
ਹਰ ਵਿਹੜ੍ਹੇ ਹੀ ਖੁਸ਼ੀਆਂ ਲਿਆਵੀਂ ਮਾਲਕਾ
ਨਵਾਂ ਸਾਲ ਸੁੱਖ ਦਾ ਚੜ੍ਹਾਈਂ ਮਾਲਕਾ।
ਧੀ ਨਾਂ ਦਾਜ ਲਈ ਕਿਸੇ ਬਾਪ ਦੀ ਮਰੇ
ਝੂਠੇ ਦਾਜ ਦੇ ਕੇਸਾਂ ਦੀ ਬਲੀ ਨਾਂ ਪੁੱਤ ਚੜ੍ਹੇ
ਸਬਰ ਸਿਦਕ ਸਾਂਝ ਦੋਵਾਂ ਦੇ ਹੀ ਮਨੀਂ ਵਸਾ ਕੇ
ਅੱਜ ਵਿਆਹ ਕੱਲ ਤਲਾਕ ਨਾਂ ਕਰਾਈਂ ਮਾਲਕਾ
ਹਰ ਵਿਹੜ੍ਹੇ ਹੀ ਖੁਸ਼ੀਆਂ ਲਿਆਵੀਂ ਮਾਲਕਾ
ਨਵਾਂ ਸਾਲ ਸੁੱਖ ਦਾ ਚੜ੍ਹਾਈਂ ਮਾਲਕਾ।
ਨਸ਼ੇੜ੍ਹੀ ਨਾਂ ਜਵਾਨ ਕੋਈ ਪੁੱਤ ਹੀ ਮਰੇ
ਨਸ਼ੇ ਦੀ ਤੋੜ 'ਚ ਕਤਲ ਮਾਪੇ ਨਾਂ ਕਰੇ
ਸੁਹਾਗ ਨਾਰਾਂ ਦਾ ਨਾਂ ਨਸ਼ੇ ਕਰਕੇ ਉੱਜੜੇ
ਲਤ ਚਿੱਟੇ ਦੀ ਕਿਸੇ ਨੂੰ ਨਾਂ ਲਵਾਈਂ ਮਾਲਕਾ
ਹਰ ਵਿਹੜ੍ਹੇ ਹੀ ਖੁਸ਼ੀਆਂ ਲਿਆਵੀਂ ਮਾਲਕਾ
ਨਵਾਂ ਸਾਲ ਸੁੱਖ ਦਾ ਚੜ੍ਹਾਈ ਮਾਲਕਾ।
ਦੁਰਘਟਨਾਵਾਂ ਚ ਨਾਂ ਮੌਤਾਂ ਹੋਣ ਕੋਈ
ਧੁੰਦ, ਮੀਂਹ,ਝੱਖੜ, ਹੜ੍ਹ ਨਾਂ ਜਾਨ ਲੈਣ ਕੋਈ
ਤੇਜ ਰਫਤਾਰੀ ਕਿਧਰੇ ਮਾਰ ਹੀ ਨਾਂ ਸੁੱਟੇ
ਨਾਲ਼ੇ ਕੁਦਰਤੀ ਆਫ਼ਤਾਂ ਤੋਂ ਬਚਾਈਂ ਮਾਲਕਾ
ਹਰ ਵਿਹੜ੍ਹੇ ਖੁਸ਼ੀਆਂ ਲਿਆਵੀ ਮਾਲਕਾ
ਨਵਾਂ ਸਾਲ ਸੁੱਖ ਦਾ ਚੜ੍ਹਾਈਂ ਮਾਲਕਾ।

**ਬੀਨਾ ਬਾਵਾ, ਲੁਧਿਆਣਾ।**
**(ਐੱਮ ਏ ਆਨਰਜ਼, ਐੱਮ ਫ਼ਿਲ ਪੰਜਾਬੀ )**

## ਨਵਾਂ ਸਾਲ



ਸਮੇਂ ਦਾ ਪਹੀਆ ਘੁੰਮੇ ਆਪਣੀ ਚਾਲ
ਇਕ ਬੀਤਿਆ ਇਕ ਚੜ੍ਹਿਆ ਸਾਲ।
ਛੱਡ ਸੱਜਣਾਂ ਸ਼ਿਕਵੇ ਸਾਂਝਾ ਕਰ ਹਾਲ
ਰੋਸਿਆਂ ਨਾਲ ਨਾ ਲੱਗਣੇ ਸੁਰ ਤਾਲ॥
ਯਾਦਾਂ ਵਾਲੀ ਪਟਾਰੀ ਨਾ ਰੱਖ ਸੱਖਣੀ
ਬੀਤੀਆਂ ਘੜੀਆਂ ਅੱਗ ਮੋਹ ਮੱਚਣੀ।
ਉਲਾਂਭਿਆਂ ਵਾਲੇ ਪੱਲੇ ਦਾ ਭਾਰ ਘਟਾ
ਤਲਖੀਆਂ ਦੀਆਂ ਰੂਹ ਤੋਂ ਪਰਤਾਂ ਹਟਾ॥
ਸੋਚਾਂ ਵਿੱਚ ਅਜਾਈ ਨਾ ਵਕਤ ਲੰਘਾ
ਸੁਆਸਾਂ ਨਾਲ ਹੀ ਰੂਹਾਂ ਦੀ ਪ੍ਰੀਤੀ ਪਾ।
ਪੁਰਾਣੀਆਂ ਬਾਤਾਂ ਦੀ ਬੰਨ੍ਹ ਲੈ ਗੰਢ
ਵੇਲੇ ਭਵਿੱਖਤ ਦੇ ਤੈਅ ਕਰ ਮਾਪਦੰਡ॥
ਸੱਜਰੇ ਦਿਨ ਦੇ ਚਾਨਣ ਦੀ ਲੋ ਦਾ ਛਿੱਟਾ
ਰੱਬਾ ਚਮਕੇ ਜੀਕਣ ਕਣਕਾਂ ਦਾ ਸਿੱਟਾ।
ਰੂਹਾਂ ਦੇ ਅਲਫਾਜ਼ਾਂ ਦੀ ਪੜ੍ਹ ਵਰਣਮਾਲਾ
ਗੁੱਸੇ ਗਿਲ੍ਹੇ ਦਾ ਮਨ ਤੋਂ ਸਾਫ ਕਰ ਜਾਲਾ॥
ਰੱਬਾ ਸਾਫ ਸੋਝੀ ਐਨੀ ਦੀ ਬਖਸ਼ ਦੇ ਦਾਤ
ਤੇਰਾ ਹੀ ਨਾਮ ਧਿਆਵਾਂ ਦਿਨ ਅਤੇ ਰਾਤ।
ਭੁੱਲਚੁੱਕੇ ਕਿਸੇ ਦੇ ਆਹਤ ਕੀਤੇ ਜ਼ਜ਼ਬਾਤ
ਹੱਥ ਬੰਨ੍ਹ ਮਾਫੀ ਵਾਲੀ ਪੇਸ਼ ਕਰਦਾ ਸੌਗਾਤ

**ਸੁਰਿੰਦਰਪਾਲ ਸਿੰਘ**
**ਐਮ.ਐਸ.ਸੀ (ਗਣਿਤ)**
**ਐਮ.ਏ (ਅੰਗ੍ਰੇਜੀ )**
**ਐਮ.ਏ (ਪੰਜਾਬੀ)**
**ਐਮ. ਏ ( ਧਾਰਮਿਕ ਸਿੱਖਿਆ)**
**ਕਿੱਤਾ ਅਧਿਆਪਨ।**
**ਸ੍ਰੀ ਅੰਮ੍ਰਿਤਸਰ ਸਾਹਿਬ।**

# ਆਉ ! ਨਵੀਂ ਸ਼ੁਰੂਆਤ ਅਤੇ ਨਵੀਆਂ ਉਮੀਦਾਂ ਨਾਲ ਨਵੇਂ ਵਰ੍ਹੇ ਦਾ ਸਵਾਗਤ ਕਰੀਏ

ਅਸੀਂ ਨਵੇਂ ਸਾਲ ਦੀ ਦਹਿਲੀਜ਼ 'ਤੇ ਖੜ੍ਹੇ ਹਾਂ। ਇਹ ਸਮਾਂ ਸਿਰਫ਼ ਕੈਲੰਡਰ ਦੇ ਬਦਲਣ ਦਾ ਹੀ ਨਹੀਂ ਹੈ, ਸਗੋਂ ਜ਼ਿੰਦਗੀ ਦਾ ਇੱਕ ਨਵੀਂ ਦਿਸ਼ਾ ਵੱਲ ਵਧਣ ਦਾ ਸੰਕੇਤ ਵੀ ਹੈ। ਹਰ ਨਵਾਂ ਸਾਲ ਆਪਣੇ ਨਾਲ ਨਵੇਂ ਸੰਕਲਪ, ਨਵੇਂ ਮੌਕੇ ਅਤੇ ਨਵੀਆਂ ਉਮੀਦਾਂ ਲਿਆਉਂਦਾ ਹੈ। ਇਹ ਉਹ ਸਮਾਂ ਹੈ ਜਦੋਂ ਅਸੀਂ ਪਿਛਲੇ ਸਾਲ ਦੇ ਤਜਰਬਿਆਂ, ਚੁਣੌਤੀਆਂ ਅਤੇ ਸਫਲਤਾਵਾਂ ਤੋਂ ਸਿੱਖਦੇ ਹੋਏ ਭਵਿੱਖ ਦੀ ਰਚਨਾਂ ਕਰਨ ਲਈ ਦ੍ਰਿੜ੍ਹ ਸੰਕਲਪ ਕਰਦੇ ਹਾਂ।

ਨਵਾਂ ਸਾਲ ਸਾਡੇ ਲਈ ਇੱਕ ਪ੍ਰੇਰਣਾਦਾਇਕ ਯਾਤਰਾ ਦੀ ਸ਼ੁਰੂਆਤ ਹੈ। ਅਸੀਂ ਆਪਣੇ ਅਤੀਤ ਦੀਆਂ ਗਲਤੀਆਂ ਅਤੇ ਅਸਫਲਤਾਵਾਂ ਨੂੰ ਪਿੱਛੇ ਛੱਡਕੇ ਨਵੀਆਂ ਦਿਸ਼ਾਵਾਂ ਵਿੱਚ ਅੱਗੇ ਵਧਦੇ ਹਾਂ। ਜਿਵੇਂ ਰੁੱਤਾਂ ਬਦਲਦੀਆਂ ਹਨ, ਠੀਕ ਉਸੇ ਤਰ੍ਹਾਂ ਹੀ ਸਾਡੀ ਜ਼ਿੰਦਗੀ 'ਚ ਵੀ ਇਸ ਦਿਨ ਨਵੀਆਂ ਉਮੀਦਾ ਦੇ ਰੰਗ ਭਰੇ ਜਾਂਦੇ ਹਨ। ਨਵਾਂ ਸਾਲ ਸਾਨੂੰ ਸਿਰਫ਼ ਗਿਣਤੀ ਦੇ ਦਿਨ ਹੀ ਨਹੀਂ ਦੇਂਦਾ, ਸਗੋਂ ਇੱਕ ਮੌਕਾ ਦੇਂਦਾ ਹੈ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਲਈ। ਇਹ ਸਾਡੇ ਅੰਦਰ ਦੇ ਅਣਗਿਣਤ ਸੁਪਨਿਆਂ ਨੂੰ ਜਗਾਉਂਦਾ ਹੈ ਅਤੇ ਸਾਨੂੰ ਹੌਂਸਲਿਆਂ ਦੀ ਉੱਡਾਨ ਭਰਨ ਲਈ ਤਿਆਰ ਕਰਦਾ ਹੈ।

ਹਰ ਨਵਾਂ ਸਾਲ ਸਾਨੂੰ ਇੱਕ ਸੁੰਦਰ ਸੰਦੇਸ਼ ਦੇਂਦਾ ਹੈ ਕਿ ਜੀਵਨ ਵਿੱਚ ਹਮੇਸ਼ਾ ਅੱਗੇ ਵਧਦੇ ਰਹੋ। ਜੇਕਰ ਪਿਛਲੇ ਸਾਲ ਵਿੱਚ ਕੁਝ ਗਲਤੀਆਂ ਹੋਈਆਂ ਹਨ, ਤਾਂ ਇਹ ਸਮਾਂ ਹੈ ਉਨ੍ਹਾਂ ਤੋਂ ਸਿੱਖਣ ਦਾ, ਜੇਕਰ ਸਫਲਤਾਵਾਂ ਮਿਲੀਆਂ ਹਨ, ਤਾਂ ਉਹ ਸਾਡੀ ਉਮੀਦਾਂ ਨੂੰ ਹੋਰ ਉਚਾਈਆਂ ਤੱਕ ਲਿਜਾਣ ਲਈ ਪ੍ਰੇਰਿਤ ਕਰਦੀਆਂ ਹਨ। ਪਿਛਲੇ ਸਾਲ ਦੇ ਚੰਗੇ-ਬੁਰੇ ਤਜਰਬੇ ਸਾਨੂੰ ਨਵਾਂ ਰਾਹ ਦਿਖਾਉਂਦੇ ਹਨ ਅਤੇ ਸਾਨੂੰ ਬਿਹਤਰ ਬਣਾਉਂਦੇ ਹਨ।

ਨਵੇਂ ਸਾਲ ਦੀ ਸ਼ੁਰੂਆਤ ਸਿਰਫ਼ ਇਕ ਜਸ਼ਨ ਮਨਾਉਣ ਦਾ ਮੌਕਾ ਹੀ ਨਹੀਂ, ਸਗੋਂ ਇੱਕ ਸੰਜੀਦਾ ਮੌਕਾ ਹੈ ਜਦੋਂ ਅਸੀਂ ਆਪਣੇ ਮਨ ਨੂੰ ਸ਼ਾਂਤੀ ਦਿੰਦੇ ਹੋਏ ਅਤੇ ਆਪਣੀਆਂ ਉਮੀਦਾ ਨੂੰ ਦੁਬਾਰਾ ਤਹਿ ਕਰਦੇ ਹਾਂ। ਇਹ ਸਮਾਂ ਹੈ ਆਪਣੇ ਮਨ ਨੂੰ ਮਜ਼ਬੂਤ ਬਣਾਉਣ ਦਾ, ਉਹ ਸਭ ਕੁਝ ਹਾਸਿਲ ਕਰਨ ਦਾ ਜੋ ਸਾਡੇ ਲਈ ਮਹੱਤਵਪੂਰਨ ਹੈ। ਨਵਾਂ ਸਾਲ ਸਾਨੂੰ ਸਿਖਾਉਂਦਾ ਹੈ ਕਿ ਜ਼ਿੰਦਗੀ ਦੀ ਹਰ ਘੜੀ ਕੀਮਤੀ ਹੈ ਅਤੇ ਹਰ ਦਿਨ ਵਿੱਚ ਕੋਈ ਨਾ ਕੋਈ ਖ਼ੂਬਸੂਰਤੀ ਲੁੱਕੀ ਹੋਈ ਹੈ।

ਅਸੀਂ ਜਦੋਂ ਨਵੇਂ ਸਾਲ ਦੇ ਸਵਾਗਤ ਲਈ ਤਿਆਰੀ ਕਰਦੇ ਹਾਂ, ਤਾਂ ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸਿਰਫ਼ ਵਾਅਦੇ ਕਰਨ ਨਾਲ ਕੁਝ ਨਹੀਂ ਬਦਲਦਾ। ਉਹ ਵਾਅਦੇ ਤਦ ਹੀ ਪੂਰੇ ਹੁੰਦੇ ਹਨ ਜਦੋਂ ਅਸੀਂ ਉਨ੍ਹਾਂ ਨੂੰ ਪੂਰਾ ਕਰਨ ਲਈ ਦ੍ਰਿੜ੍ਹ ਇਰਾਦਾ ਅਤੇ ਮਿਹਨਤ ਕਰਦੇ ਹਾਂ। ਨਵੇਂ ਸਾਲ ਦੀ ਆਮਦ ਸਾਨੂੰ ਇਹ ਮੌਕਾ ਦਿੰਦੀ ਹੈ ਕਿ ਅਸੀਂ ਆਪਣੀ ਜ਼ਿੰਦਗੀ ਵਿੱਚ ਸ਼ੁਕਰਗੁਜ਼ਾਰ ਹੋਈਏ, ਉਹਨਾਂ ਪਲਾਂ ਦੀ ਕਦਰ ਕਰੀਏ ਜਿਨ੍ਹਾਂ ਨੇ ਸਾਨੂੰ ਸਿਖਾਇਆ ਅਤੇ ਉਨ੍ਹਾਂ ਸਮਿਆਂ ਦਾ ਜਸ਼ਨ ਮਨਾਈਏ ਜਿਨ੍ਹਾਂ ਨੇ ਸਾਨੂੰ ਖ਼ੁਸ਼ੀਆਂ ਦਿੱਤੀਆਂ।

ਸੋ ਆਉ, ਨਵੇਂ ਸਾਲ ਨੂੰ ਜੀ ਆਇਆਂ ਕਹਿੰਦੇ ਹੋਏ ਹੌਸਲੇ ਨਾਲ ਅੱਗੇ ਵਧੀਏ, ਆਪਣੀਆਂ ਗਲਤੀਆਂ ਨੂੰ ਸਵੀਕਾਰ ਕਰੀਏ, ਨਵੀਆਂ ਸਿੱਖਿਆਵਾਂ ਹਾਸਲ ਕਰੀਏ, ਅਤੇ ਆਪਣੀ ਜ਼ਿੰਦਗੀ ਨੂੰ ਅਜਿਹੀ ਬਣਾਈਏ ਕਿ ਹਰ ਦਿਨ ਇੱਕ ਨਵੇਂ ਸਫਰ ਵਾਂਗ ਲੱਗੇ। ਸਾਡੀ ਜ਼ਿਦੰਗੀ 'ਚ ਨਵਾਂ ਸਾਲ ਸਿਰਫ਼ ਇੱਕ ਸ਼ੁਰੂਆਤ ਹੀ ਨਹੀਂ, ਸਗੋਂ ਇੱਕ ਨਵਾਂ ਸਬਕ ਵੀ ਹੈ।



**ਪਲਕਪ੍ਰੀਤ ਕੌਰ ਬੇਦੀ**
**ਕੇ,ਐਮ.ਵੀ. ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ, ਜਲੰਧਰ**

# ਪਿੰਡ ਦਾ ਰੰਗਮੰਚ ਸੂਹੇ ਫੁੱਲ ਕਿੱਥੇ ਗਏ







ਪਿੰਡ ਆਪਣੇ ਢੰਗ ਨਾਲ ਰੰਗਮੰਚ ਅਪਣਾਉਂਦਿਆਂ ਸੱਜਰਾ ਅਹਿਸਾਸ ਜਗਾਉਂਦੈ...ਸੰਗਰੂਰ ਦਾ ਪਿੰਡ ਕਾਲਾਝਾੜ...ਪਿੰਡ ਦਾ ਗੱਭਰੂ ਅਰਸ਼ਦੀਪ ਸਿੰਘ..ਇਕ ਓਪੇਰਾ ਤਿਆਰ ਕਰਦਾ ਹੈ..''ਸੂਹੇ ਫੁੱਲ ਕਿੱਥੇ ਗਏ!''..ਪਿੰਡ ਦੇ ਹੋਰ ਗੱਭਰੂ ਨਾਲ ਜੋੜਦੈ..ਬੱਚਿਆਂ ਦੇ ਮਨਾਂ ਚ ਚਾਅ ਪੈਦਾ ਕਰਦੈ ...ਭੂਆ ਮਾਸੀਆਂ ਭਾਣਜੀਆਂ ਭਤੀਜੇ ਨੂੰ ਟੀਮ ਚ ਸ਼ਾਮਲ ਕਰਦੈ...ਗੀਤਾਂ ਦੀਆਂ ਸਤਰਾਂ ਦੀ ਚੋਣ ਕਰਦੈ...ਫਿਰ ਗੀਤ ਨਾਲ ਗੀਤ ਜੋੜਦੈ...ਬੋਲਾਂ ਦੇ ਹਿਸਾਬ ਕਾਰਜ ਵਿਉਂਤਦੈ..ਤਿਆਰੀ ਕਰਵਾਉਂਦੈ..ਤੇ ਫਿਰ ਵੱਡੇ ਇਕੱਠ ਦੇ ਸਾਹਮਣੇ ਪੇਸ਼ਕਾਰੀ ਕਰਦੈ...ਮੈਂ ਸਾਹਮਣੇ ਬੈਠਾ ਭਾਵੁਕ ਹੋ ਰਿਹਾ ਹਾਂ...ਰੰਗਮੰਚ ਦਾ ਸੂਹਾ ਬੂਟਾ ਪੁੰਗਰਦਾ ਦੇਖ ਰਿਹਾ ਹਾਂ! ਮਾਂ ਹੈ..ਨਸ਼ੇ ਦੇ ਲੜ ਲਗਿਆ ਪੁੱਤ ਹੈ..ਦੋਸਤ ਨੇ..ਮਾਂ ਰੋ ਰਹੀ ਐ..ਪੁੱਤ ਧੱਕੇ ਮਾਰ ਰਿਹਾ ਐ...ਮੰਚ 'ਤੇ ਕਿਤਾਬਾਂ ਆ ਰਹੀਆਂ..ਭਗਤ ਸਿੰਘ ਰਾਜਗੁਰੂ ਸੁਖਦੇਵ ਦੀ ਸ਼ਹੀਦੀ ਦਾ ਬਿਰਤਾਂਤ ਦ੍ਰਿਸ਼ਮਾਨ ਹੋ ਰਿਹੈ..ਦਲਦਲ ਚੋਂ ਬਾਹਰ ਕੱਢਣ ਲਈ ਦ੍ਰਿਸ਼ 'ਤੇ ਦ੍ਰਿਸ਼ ਆ ਰਹੇ ਨੇ..ਭਰਪੂਰ ਐਕਸ਼ਨ..ਮਘਦੇ ਚਿਹਰੇ..ਨਿੱਕੇ ਬੱਚੇ ਸੰਗੀਤ 'ਤੇ ਥਿਰਕ ਰਹੇ,ਜ਼ਿੰਦਗੀ ਦੀ ਬਾਤ ਪਾ ਰਹੇ..ਓਪੇਰੇ ਦੀ ਸਕਰਿਪਟ ਕੱਸਵੀਂ..ਡੋਰ ਤਣੀ ਹੋਈ..ਅਖੀਰ ਪੁੱਤ ਕਿਤਾਬਾਂ ਸੰਗ ਜੁੜਦੈ..ਗੁਰਸ਼ਰਨ ਸਿੰਘ ਤੇ ਅਜਾਇਬ ਸਿੰਘ ਦੀਆਂ ਤਸਵੀਰਾਂ ਅਸੀਸ ਦੇਣ ਮੰਚ 'ਤੇ ਪਹੁੰਚਦੀਆਂ...ਮਹੌਲ ਮਹਿਕ ਉਠਦੈ..ਮੰਚ 'ਤੇ ਪੰਦਰਾਂ ਕੁ ਜਣਿਆਂ ਦੀ ਟੀਮ ਨੱਚ ਰਹੀ ਐ..ਅਰਸ਼ਦੀਪ ਫੁੱਲਾਂ ਦਾ ਮੀਂਹ ਬਰਸਾ ਰਿਹੈ..ਸਟੇਜ ਸੂਹੇ ਰੰਗ 'ਚ ਰੰਗੀ ਗਈ!

ਸਾਦਗੀ,ਸਪਸ਼ਟਤਾ ਤੇ ਜਜ਼ਬਾਤੀ ਰੌਂਅ..ਉਹਨਾਂ ਦੀਆਂ ਜੁਗਤਾਂ ਮਾਸੂਮ...ਸਟੇਜ 'ਤੇ ਇਕ ਨਸ਼ੇੜੀ ਗੱਭਰੂ ਦੀ ਮੌਤ ਹੋਈ ਹੈ..ਦਿਨ ਦਾ ਸਮਾਂ ਹੈ..ਰੌਸ਼ਨੀ ਬੁਝਾਉਣ ਦੀ ਸੁਵਿਧਾ ਨਹੀਂ ਹੈ..ਕਲਾਕਾਰ ਨੇ ਸਟੇਜ ਤੋਂ ਪਿੱਛੇ ਜਾਣਾ ਹੈ..ਉਹ ਬੀਬੀ ਦੇ ਸੰਦੂਕ ਚ ਪਈ ਖੇਸੀ ਦੀ ਵਰਤੋਂ ਕਰਦੇ ਨੇ..ਮਰੇ ਹੋਏ ਦੇ ਅੱਗੇ ਤਾਣ ਦਿੰਦੇ ਨੇ,ਉਹ ਦਰਸ਼ਕਾਂ ਦੀਆਂ ਅੱਖਾਂ ਤੋਂ ਬਚ ਕੇ ਬਾਹਰ ਚਲਾ ਜਾਂਦਾ ਹੈ..ਉਹਨਾਂ ਨੂੰ ਨਹੀਂ ਪਤਾ ਕਿ ਇਸ ਨੂੰ ਰੰਗਪੱਟੀ ਕਹਿੰਦੇ ਨੇ..ਅਜੇ ਰੰਗਪੱਟੀ ਦੇ ਰੰਗਾਂ ਦੀ ਚੋਣ ਦੇ ਉਸਤਾਦ ਨਹੀਂ ਬਣੇ,ਪਰ ਵਰਤ ਗਏ ਹਨ...ਕਾਮਯਾਬ ਵੀ ਹੋ ਗਏ ਹਨ!

ਇਸ ਜਜ਼ਬੇ ਨੂੰ ਸਲਾਮ ਹੈ...ਮੈਂ ਬਠਿੰਡਾ ਸ਼ੋਅ ਤੋਂ ਬਾਅਦ ਇੱਕ ਰਾਤ ਪਹਿਲਾਂ ਪਿੰਡ ਚ ਪਹੁੰਚ ਗਿਆ ਸੀ ...ਖਾਣਾ ਖਾ ਕੇ ਸੌਣ ਤੋਂ ਪਹਿਲਾਂ ਸਟੇਜ ਵੱਲ ਗੇੜਾ ਮਾਰਿਆ ਤਾਂ ਇਹ ਟੀਮ ਰਿਹਰਸਲ ਕਰ ਰਹੀ ਸੀ..ਪਤਾ ਲੱਗਾ ਕਿ ਪਿਛਲੀਆਂ ਕਈ ਰਾਤਾਂ ਤੋਂ ਇਹ ਬੱਚੇ ਸੁੱਤੇ ਨਹੀਂ..ਇੱਕ ਤਸਵੀਰ ਚ ਮੇਰੇ ਨਾਲ ਖੜ੍ਹੀ ਨੰਨੀ ਬੱਚੀ ਸਾਰੀ ਰਾਤ ਨਹੀਂ ਸੁੱਤੀ...ਰੰਗਮੰਚ ਦਾ ਇਹ ਮਾਸੂਮ ਤੇ ਸੱਜਰਾ ਚਾਅ ਖਿੜਿਆ ਰਹੇ,ਇਸ ਦੁਆ ਨਾਲ ਮੈਂ ਸਾਰੀ ਟੀਮ ਨੂੰ ਮੁਬਾਰਕਬਾਦ ਦਿੰਦਾ ਹਾਂ..ਬਹੁਤ ਮਾਣ ਹੈ ਤੁਹਾਡੇ 'ਤੇ,ਭਵਿੱਖ ਸੁਰੱਖਿਅਤ ਹੈ! ਟੱਬਰ 'ਚ ਵਾਧਾ ਹੁੰਦਾ ਦੇਖ ਉਤਸ਼ਾਹਤ

**ਸਾਹਿਬ ਸਿੰਘ**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

**ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ**




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

**ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।**

**+44 7878 456484**

**email:-Samajweekly@gmail.com**